ੴ ਸਤਿਗੁਰ ਪ੍ਰਸਾਦਿ ॥

# ਭਗਤ ਜੀ ਦੇ ਵਿਖਿਆਨ

ਲੇਖਕ-ਭਗਤ ਪੂਰਨ ਸਿੰਘ

ਪ੍ਰਕਾਸ਼ਕ

**ਡਾ. ਇੰਦਰਜੀਤ ਕੌਰ**

ਪ੍ਰਧਾਨ,

**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ(ਰਜਿ.)**

ਅੰਮ੍ਰਿਤਸਰ ।

**ਮਾਰਚ 2018 ਨੂੰ ਪਹਿਲੀ ਵਾਰ ਛਪੀ 10,000**

**ਜ਼ਰੂਰੀ ਸੂਚਨਾ**

1. **ਪਿੰਗਲਵਾੜਾ ਸੰਸਥਾ ਨੂੰ ਭੇਜੇ ਹੋਏ ਦਾਨ ਉੱਪਰ ਇਨਕਮ ਟੈਕਸ ਐਕਟ, 1961 ਦੇ ਸੈਕਸ਼ਨ 80-ਜੀ ਅਧੀਨ ਟੈਕਸ ਤੋਂ ਛੋਟ ਪ੍ਰਾਪਤ ਹੈ।**
2. **ਕੈਸ਼ ਵਿੱਚ ਦਿੱਤੇ ਦਾਨ ਉੱਪਰ ਇਹ ਛੋਟ ਸਿਰਫ਼ 2000/- ਰੁਪਏ ਤਕ ਹੀ ਮਿਲ ਸਕੇਗੀ ।**

1. The donations made to Pingalwara are exempted from Income Tax U/S 80-G, of I.T. Act 1961.
2. In the case of donations made in cash, such exemption would be available on Rs. 2000/- only.

**ਮੁਫ਼ਤ ਭੇਟਾ**

**ਪ੍ਰਕਾਸ਼ਕ: ਡਾ. ਇੰਦਰਜੀਤ ਕੌਰ,**

**ਪ੍ਰਧਾਨ,**

**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।**

**ਛਾਪਕ: ਪੂਰਨ ਪ੍ਰਿੰਟਿੰਗ ਪ੍ਰੈਸ,**

ਮਾਨਾਂਵਾਲਾ ਕੰਪਲੈਕਸ, ਜੀ. ਟੀ. ਰੋਡ, ਅੰਮ੍ਰਿਤਸਰ।

ਫ਼ੋਨ: 0183-2584586, 2584713, ਫੈਕਸ: 0183-2584586

website:www. pingalwara.org

E-mail: pingalwara57@gmail.com

# ਤਤਕਰਾ


| ਕ੍ਰਮ ਅੰਕ: | ਵਿਸ਼ਾ | ਪੰਨਾ ਨੰ: |
|---|---|---|
| 1. | ਮੁੱਖ-ਬੰਦ | 1 |
| 2. | ਸਿੱਖੀ ਦਾ ਪ੍ਰਚਾਰ ਢੰਗ | 5 |
| 3. | ਇਕ ਗੁਰਮੁਖ ਬੰਦੇ ਦੀ ਸਾਲਾਨਾ ਬਰਸੀ | 19 |
| 4. | ਬੀਬੀ ਪ੍ਰੀਤਇੰਦਰਜੀਤ ਕੌਰ ਦਾ ਆਨੰਦ ਕਾਰਜ | 24 |
| 5. | ਭਗਤ ਪੂਰਨ ਸਿੰਘ ਜੀ ਦੀ ਪ੍ਰਚਾਰ ਫੇਰੀ | 28 |
| 6. | ਭਗਤ ਪੂਰਨ ਸਿੰਘ ਜੀ ਦੀ ਜੰਮੂ ਪ੍ਰਚਾਰ ਫੇਰੀ | 35 |
| 7. | ਭਗਤ ਜੀ ਦੇ ਭਾਸ਼ਨ | 38 |
| 8. | ਸਰਕਾਰੀ ਹਾਈ ਸਕੂਲ ਫਗਵਾੜਾ ਵਿਖੇ ਭਗਤ ਪੂਰਨ ਸਿੰਘ ਦਾ ਭਾਸ਼ਨ | 47 |
| 9. | ਤਨਖ਼ਾਹਾਂ ਕਿੰਨੀਆਂ ਕੁ ਵਧਣ? | 54 |
| 10. | ਦੇਹਾਤੀ ਖੇਡ ਕਬੱਡੀ ਦੀ ਮਹਿਮਾ | 61 |
| 11. | ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ | 65 |




*"ਇਸ ਸਮੇਂ ਹਰ ਸਿੱਖ ਨੂੰ ਚਾਹੀਦਾ ਹੈ ਕਿ ਉਹ ਰੁੱਖਾਂ ਦੇ ਪ੍ਰਚਾਰ ਲਈ ਦਸਵੰਧ ਕੱਢੇ ਤੇ ਸਾਨੂੰ ਮਾਇਆ ਭੇਜੇ, ਤਾਂ ਜੋ ਇਸ ਸਮੇਂ ਭਾਰਤ ਦੀ ਧਰਤੀ ਨੂੰ ਮਾਰੂਥਲ ਹੋਣ ਤੋਂ ਬਚਾਉਣ ਲਈ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨ ਦੇ ਇਤਿਹਾਸ ਨਾਲ ਸੰਬੰਧ ਰੱਖਣ ਵਾਲੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਨੂੰ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਵਿੱਚ ਛਾਪ ਕੇ ਦੇਸ਼ ਦੇ ਕੋਨੇ-ਕੋਨੇ ਵਿੱਚ ਪਹੁੰਚਾਇਆ ਜਾ ਸਕੇ । ਜੰਗਲਾਤ ਅਫ਼ਸਰਾਂ ਨੂੰ ਇਹ ਪਤਾ ਲੱਗੇ ਕਿ ਧਰਤੀ ਨੂੰ ਮਾਰੂਥਲ ਹੋਣ ਤੋਂ ਬਚਾਉਣ ਦੀ ਚਿੰਤਾ ਉਨ੍ਹਾਂ ਮਹਾਂਪੁਰਸ਼ਾਂ ਨੂੰ ਹੋਇਆ ਕਰਦੀ ਹੈ ਜਿਨ੍ਹਾਂ ਨੇ ਗ਼ਰੀਬਾਂ ਅਤੇ ਮੁਥਾਜਾਂ ਲਈ ਲੰਗਰ ਚਲਾਉਣੇ ਹੁੰਦੇ ਹਨ, ਕਿਉਂਕਿ ਉਹਨਾਂ ਨੇ ਇਕੱਲਿਆਂ ਪ੍ਰਸ਼ਾਦਾ ਨਹੀਂ ਛਕਣਾ ਹੁੰਦਾ ਬਲਕਿ ਨਗਾਰਾ ਵਜਾ ਕਿ ਭੁੱਖਿਆਂ ਨੂੰ ਸੱਦਾ ਦੇ ਕੇ ਸੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਣਾ ਹੁੰਦਾ ਹੈ ।"*

**-ਭਗਤ ਪੂਰਨ ਸਿੰਘ, ਬਾਨੀ ਪਿੰਗਲਵਾੜਾ, ਅੰਮ੍ਰਿਤਸਰ ।**

# ਮੁੱਖ-ਬੰਦ

ਭਗਤ ਪੂਰਨ ਸਿੰਘ ਜੀ ਨੇ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਗੁਰਦੁਆਰਿਆਂ ਦੀਆਂ ਬਰੂਹਾਂ 'ਤੇ ਬਿਤਾਇਆ। ਗਿਆਨ ਹਾਸਲ ਕਰਨ ਦੀ ਭੁੱਖ ਅਤੇ ਤੀਬਰ ਇੱਛਾ ਇਕ ਜਗਿਆਸੂ ਵਾਂਙ ਸੀ, ਜਿਸ ਕਰਕੇ ਲਾਹੌਰ ਦੀਆਂ ਸਿਰਕੱਢ ਲਾਇਬ੍ਰੇਰੀਆਂ ਵਿੱਚ ਕਾਫ਼ੀ ਸਮਾਂ ਬਿਤਾਉਂਦੇ । ਗੁਰਦੁਆਰਾ ਸਾਹਿਬ ਵਿੱਚ ਵੀ ਵਿਦਵਾਨ ਲੋਕ ਅਕਸਰ ਆਉਂਦੇ, ਵਿਖਿਆਨ ਦਿੰਦੇ ਜਾਂ ਗੱਲਾਂਬਾਤਾਂ ਰਾਹੀਂ ਉਹਨਾਂ ਤੋਂ ਗਿਆਨ ਸੁਣ ਕੇ ਆਪਣੀ ਗਿਆਨ ਹਾਸਲ ਕਰਨ ਦੀ ਭੁੱਖ ਨੂੰ ਸ਼ਾਂਤ ਕਰਦੇ । ਭਗਤ ਜੀ ਲਿਖਦੇ ਹਨ, **"ਜਦੋਂ ਮੈਂ ਅੱਠਵੀਂ ਜਮਾਤ ਵਿੱਚ ਪੜ੍ਹਦਾ ਸਾਂ ਤਾਂ ਮੈਂ ਸਿਹਤ ਦੇ ਅਸੂਲਾਂ 'ਤੇ ਬਾਨਪ੍ਰਸਤੀ ਡਾ. ਹਰਨਾਮ ਦਾਸ ਕਮਾਲੀਏ ਸ਼ਹਿਰ ਵਾਲਿਆਂ ਦਾ ਵਿਖਿਆਨ ਸੁਣਿਆ । ਮੈਨੂੰ ਪਤਾ ਲੱਗਿਆ ਸੀ ਕਿ ਉਸ ਸੰਤ ਡਾਕਟਰ ਨੇ ਆਪਣਾ ਜੀਵਨ ਸਕੂਲਾਂ ਦੇ ਬੱਚਿਆਂ ਨੂੰ ਪ੍ਰਚਾਰ ਕਰਨ ਲਈ ਅਰਪਣ ਕੀਤਾ ਹੋਇਆ ਸੀ । ਉਸ ਸੰਤ ਡਾਕਟਰ ਦੇ ਦਰਸ਼ਨ ਕਰਦਿਆਂ ਹੀ ਮੇਰੇ ਹਿਰਦੇ ਵਿੱਚ ਇਹ ਗੱਲ ਬੈਠ ਗਈ ਸੀ ਕਿ ਮੈਂ ਵੱਡਾ ਹੋ ਕੇ ਉਸ ਵਾਂਙ ਹੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਵਿਖਿਆਨ ਦੇ ਕੇ ਸਾਰਾ ਜੀਵਨ ਗੁਜ਼ਾਰਾਂ । ਵਾਹਿਗੁਰੂ ਦੀ ਅਪਾਰ ਕ੍ਰਿਪਾ ਹੋਈ ਕਿ ਮੇਰਾ ਜੀਵਨ ਇਸ ਕਾਰਜ ਦੀ ਤਿਆਰੀ ਵਿੱਚ ਲੰਘ ਗਿਆ ਤੇ ਮੈਂ ਕਾਲਜਾਂ ਵਿੱਚ ਵਿਖਿਆਨ ਦੇਣ ਦੇ ਯੋਗ ਬਣਿਆ ।"**

ਇਹ ਇਕ ਕਰਾਮਾਤ ਹੀ ਹੈ ਕਿ ਦਸਵੀਂ ਫੇਲ੍ਹ ਵਿਦਿਆਰਥੀ ਨੂੰ ਸਾਰੇ ਵਿਸ਼ਿਆਂ ਬਾਰੇ ਡੂੰਘਾ ਗਿਆਨ ਹੋਵੇ । ਮੈਨੂੰ ਭਗਤ ਜੀ ਅਕਸਰ ਕਿਹਾ ਕਰਦੇ ਸਨ ਕਿ ਮੈਂ ਬਹੁਤ ਪੜ੍ਹਾਈ ਕੀਤੀ ਹੈ, ਉਸ ਵਿੱਚੋਂ ਨਿਚੋੜ ਕੱਢ ਕੇ ਮੈਂ ਤੁਹਾਡੇ ਲਈ ਛੱਡ ਚੱਲਿਆਂ ਹਾਂ । ਨਿਚੋੜ ਹੀ ਐਨਾ ਜ਼ਿਆਦਾ ਹੈ ਕਿ ਸਾਡੇ ਕੋਲੋਂ ਤਾਂ ਸਾਰਾ ਪੜ੍ਹਿਆ ਹੀ ਨਹੀਂ ਗਿਆ ਅਤੇ ਬਹੁਤ ਕੋਸ਼ਿਸ਼ਾਂ ਦੇ ਬਾਵਜੂਦ ਨਾ ਹੀ ਪੂਰਾ ਸੰਭਾਲਿਆ ਗਿਆ । ਭਗਤ ਪੂਰਨ ਸਿੰਘ ਦਾ ਪਰਿਵਾਰ ਸਾਰੀ ਦੁਨੀਆਂ ਸੀ । ਉਹ ਚਾਹੁੰਦੇ ਸਨ ਕਿ ਮੈਂ ਇਸ ਪਰਿਵਾਰ ਨੂੰ ਆਉਣ ਵਾਲੇ ਮਸਲਿਆਂ ਬਾਰੇ ਜਾਗਰੂਕ ਕਰਾਂ ।



ਸੁਖਮਨੀ ਸਾਹਿਬ ਵਿੱਚ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ—

**ਸਗਲ ਕੀ ਚਿੰਤਾ ਜਿਸ ਮਨ ਮਾਹਿ॥**
**ਤਿਸ ਤੇ ਬਿਰਥਾ ਕੋਈ ਨਾਹਿ॥**

ਸੰਸਾਰ ਦੀਆਂ ਅਤੇ ਖ਼ਾਸ ਕਰਕੇ ਭਾਰਤਵਰਸ਼ ਦੀਆਂ ਚਿੰਤਾਵਾਂ—ਵਾਤਾਵਰਨ ਸੰਬੰਧੀ, ਸਦਾਚਾਰ ਸੰਬੰਧੀ, ਅਨਪੜ੍ਹਤਾ, ਬੇਕਾਰੀ ਅਤੇ ਵਧ ਰਹੀ ਆਬਾਦੀ ਬਾਰੇ ਲੇਖ ਪੜ੍ਹ ਕੇ ਵਿਚਾਰਨੇ ਅਤੇ ਛਾਪਣੇ ਉਹਨਾਂ ਦਾ ਰੋਜ਼ ਦਾ ਰੁਝਾਨ ਸੀ । ਅੱਠ ਅਖ਼ਬਾਰਾਂ ਰੋਜ਼ ਪੜ੍ਹਦੇ ਸਨ । ਬਹੁਤ ਸਾਰੇ ਫ਼ਿਲਾਸਫ਼ਰ ਵੀ ਭਗਤ ਜੀ ਨੇ ਪੜ੍ਹੇ । ਉਹਨਾਂ ਦੇ ਅੰਦਰ ਗਿਆਨ ਨੇ ਉਥੱਲ-ਪੁਥੱਲ ਮਚਾਈ ਹੋਈ ਸੀ ਅਤੇ ਉਹ ਦੁਨੀਆਂ ਨੂੰ ਸਾਰੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਦੇਣਾ ਚਾਹੁੰਦੇ ਸਨ । ਉਹਨਾਂ ਨੇ ਜੇ.ਐਮ.ਸਾਈਮ ਦੀ ਅੰਗਰੇਜ਼ੀ ਪੁਸਤਕ '**Man and His Duties**' ਵਿੱਚੋਂ ਇਕ ਅਧਿਆਏ **Love of Country** ਪੜ੍ਹਿਆ, ਜਿਸ ਵਿੱਚ ਦੇਸ਼ ਨੂੰ ਪਿਆਰ ਕਰਨ ਵਾਲਿਆਂ ਦੇ ਦੇਸ਼ ਪ੍ਰਤੀ ਦੋ ਵੱਡੇ ਕਰਤੱਵ ਪੜ੍ਹੇ:

੧. ਦੇਸ਼ ਭਗਤ ਬੜੇ ਉਤਸ਼ਾਹ ਨਾਲ ਆਪਣੇ ਦੇਸ਼ ਵਾਸੀਆਂ ਦੀ ਵਾਕਫ਼ੀਅਤ ਵਧਾਉਣ ।

੨. ਦੇਸ਼ ਭਗਤ ਦੇਸ਼ ਵਾਸੀਆਂ ਦੀਆਂ ਸਦਾਚਾਰ ਦੀਆਂ ਆਦਤਾਂ ਨੂੰ ਅੱਗੇ ਨਾਲੋਂ ਚੰਗੇਰਾ ਬਣਾਉਣ ਲਈ ਆਪਣਾ ਪੂਰਾ ਤਾਣ ਲਾਉਣ ।

ਸੋ, ਭਗਤ ਜੀ ਸਕੂਲਾਂ ਕਾਲਜਾਂ ਅਤੇ ਹੋਰ ਜਨਤਕ ਸੰਸਥਾਵਾਂ 'ਤੇ ਵਿਖਿਆਨ ਰਾਹੀਂ ਆਪਣਾ ਗਿਆਨ ਵੰਡਦੇ ਰਹੇ । ਵਿਖਿਆਨ ਦੇਣ ਤੋਂ ਬਾਅਦ ਉਹ ਪਿੰਗਲਵਾੜਾ ਸੰਸਥਾ ਵਿੱਚ ਆ ਕੇ ਆਪਣਾ ਵਿਖਿਆਨ ਲਿਖਵਾ ਕੇ ਪਿੰਗਲਵਾੜਾ ਵੱਲੋਂ ਛਪਦੀ ਮੈਗ਼ਜ਼ੀਨ ਵਿੱਚ ਵੀ ਛਪਵਾ ਦਿੰਦੇ ਸਨ । ਉਹਨਾਂ ਦੇ ਇਹ ਲੇਖ ਜੀਵਨ ਲਹਿਰ ਮੈਗ਼ਜ਼ੀਨ ਵਿੱਚੋਂ ਜਾਗੀਰ ਸਿੰਘ ਨੂਰੀ ਦੀ ਮਦਦ ਨਾਲ ਕੱਢ ਕੇ ਦੁਬਾਰਾ ਕਿਤਾਬਚੇ ਦੇ ਰੂਪ ਵਿੱਚ ਛਪਵਾ ਕੇ ਸੰਗਤਾਂ ਤਕ ਭਗਤ ਜੀ ਵੱਲੋਂ ਗਿਆਨ ਵੰਡਣ ਵਿੱਚ ਯੋਗਦਾਨ ਪਾਉਣ ਦੀ ਕੋਸ਼ਿਸ਼ ਸੰਸਥਾ ਵੱਲੋਂ ਕੀਤੀ ਜਾ ਰਹੀ ਹੈ । ਵਿਖਿਆਨਾਂ ਦਾ ਕੁਝ ਕੁ ਜ਼ਰੂਰੀ ਹਿੱਸਾ ਮੈਂ ਮੁੱਖ-ਬੰਦ ਵਿੱਚ ਪਾਠਕਾਂ ਨਾਲ ਸਾਂਝਾ ਕਰਨਾ ਚਾਹੁੰਦੀ ਹਾਂ ।

ਡੀ.ਏ.ਵੀ. ਕਾਲਜ ਵਿੱਚ ਵਿਖਿਆਨ ਦਿੰਦੇ ਹੋਏ ਭਗਤ ਜੀ ਨੇ

ਕਿਹਾ ਕਿ ਉੱਚੀ ਵਿੱਦਿਆ ਹਾਸਲ ਕਰੋ, ਕਿਉਂਕਿ ਦੇਸ਼ ਦੀ ਉਸਾਰੀ ਲਈ ਬਹੁਤ ਸਾਰੇ ਵਿਦਵਾਨ ਬੰਦਿਆਂ ਦੀ ਲੋੜ ਹੈ ਜਿਹੜੇ ਜੀਵਨ ਅਰਪਣ ਕਰਨ ਲਈ ਮੈਦਾਨ ਵਿੱਚ ਨਿਤਰਨ ਅਤੇ ਦੇਸ਼ ਦੀ ਗ਼ਰੀਬੀ, ਬਿਮਾਰੀ, ਅਨਪੜ੍ਹਤਾ ਅਤੇ ਬੇਰੁਜ਼ਗਾਰੀ ਵਰਗੇ ਵੱਡੇ ਚਾਰ ਮਸਲਿਆਂ ਨੂੰ ਹੱਲ ਕਰ ਸਕਣ । ਇਸ ਪਰਥਾਇ ਭਾਈ ਵੀਰ ਸਿੰਘ ਜੀ ਕਹਿੰਦੇ ਹਨ, "ਦੇਸ਼ ਨੂੰ ਵਿੱਦਿਅਕ ਉੱਨਤੀ ਦੀ ਲੋੜ ਹੈ ਜਿਸ ਵਿੱਚ ਅਸੀਂ ਬੜੇ ਪਿੱਛੇ ਹਾਂ । ਵਿੱਦਿਆ ਐਸੀ ਚਾਹੀਏ ਜੋ ਸਾਨੂੰ ਨਾਲ ਹੀ ਨਾਲ ਧਰਮ, ਸੰਜਮ, ਨੇਕੀ, ਪਰਸੁਆਰਥ ਸਿਖਾਵੇ ਤੇ ਸੁਖਦਾਈ ਬੰਦੇ ਬਣਾਵੇ । ਅਸਾਂ ਗ਼ਰੀਬ ਜ਼ਿਮੀਦਾਰਾਂ ਤੇ ਕਿਰਤੀਆਂ ਦੀ ਭੋਂ ਤੇ ਕਿਰਤ ਵਿੱਚ ਬਰਕਤ ਪਾਉਣ ਦੇ ਤ੍ਰੀਕੇ ਸਿੱਖਣੇ ਹਨ । ਅਸੀਂ ਆਪਣੀਆਂ ਧਰਮਸ਼ਾਲਾਂ ਨੂੰ ਵਿੱਦਿਆ ਦਾਤੀਆਂ ਤੇ ਨੇਕੀ ਪ੍ਰਚਾਰ ਕਰਨ ਵਾਲੇ ਪਰਉਪਕਾਰ ਦੇ ਟਿਕਾਣੇ ਬਣਾਉਣਾ ਹੈ ।"

ਇਕ ਵਿਖਿਆਨ ਵਿੱਚ ਭਗਤ ਜੀ ਕਹਿੰਦੇ ਹਨ "ਦੁਨੀਆਂ ਦੀਆਂ ੨੧ ਸੱਭਿਅਤਾਵਾਂ ਨਸ਼ਟ ਹੋ ਚੁੱਕੀਆਂ ਹਨ । ਕੋਈ ਸੱਭਿਅਤਾ ਉਸ ਵੇਲੇ ਨਸ਼ਟ ਹੋਇਆ ਕਰਦੀ ਹੈ ਜਦੋਂ ਉਸਦੀ ਰਚਨਾਤਮਿਕ ਘੱਟ ਗਿਣਤੀ ਦੀ ਰਚਨਾਤਮਿਕ ਚੰਗਿਆੜੀ ਸਮਾਪਤ ਹੋ ਜਾਇਆ ਕਰਦੀ ਹੈ ।" ਆਪ ਨੇ ਕਿਹਾ ਕਿ ਇਕ ਵੱਡੇ ਅੰਗਰੇਜ਼ ਵਿਦਵਾਨ ਨੇ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਹੈ ਕਿ ਭਾਰਤ ਦੇ ਆਰਥਿਕ ਖੇਤਰ ਵਿੱਚ ਕਿਸੇ ਵੀ ਬੰਦੇ ਨੂੰ ਨਵੇਂ ਖ਼ਿਆਲ ਨਹੀਂ ਸੁੱਝ ਰਹੇ; ਪਰ ਅਸਲੀਅਤ ਇਹ ਹੈ ਕਿ ਕਿਸੇ ਵੀ ਖੇਤਰ ਵਿੱਚ ਨਵੇਂ ਖ਼ਿਆਲ ਹਮੇਸ਼ਾਂ ਨਹੀਂ ਸੁੱਝਦੇ ਹੁੰਦੇ । ਨਵੇਂ ਤਾਜ਼ੇ ਖ਼ਿਆਲ ਹਮੇਸ਼ਾਂ ਉਸ ਬੰਦੇ ਨੂੰ ਸੁੱਝਿਆ ਕਰਦੇ ਹਨ ਜਿਹੜਾ ਸੰਸਾਰ ਦੇ ਸਾਰੇ ਜੀਆਂ ਵਿੱਚ ਰੱਬ ਵੱਸਦਾ ਦੇਖਦਾ ਹੋਵੇ ਤੇ ਸਤਿ, ਸੰਤੋਖ ਅਤੇ ਦਇਆ ਦੇ ਗੁਣ ਉਸਦੇ ਹਿਰਦੇ ਅੰਦਰ ਵੱਸਦੇ ਹੋਣ ਅਤੇ ਜਿਸਦੇ ਹਿਰਦੇ ਵਿੱਚ ਦੁਤੀਆ ਭਾਵ ਨਾ ਹੋਵੇ ।

ਭਗਤ ਜੀ ਨੇ ਜਦੋਂ ਇਹ ਵਿਖਿਆਨ ਦਿੱਤਾ ਉਸ ਸਮੇਂ ਭਾਰ ਦਾ ਢੋਅ-ਢੁਆਈ ਦਾ ਕੰਮ ਬਲਦਾਂ ਅਤੇ ਸੰਢਿਆਂ ਤੋਂ ਲਿਆ ਜਾਂਦਾ ਸੀ । ਉਸ ਵਕਤ ਖੇਤੀ ਵੀ ਬੈਲਾਂ ਦੇ ਹੱਲ ਚਲਾਣ ਨਾਲ ਹੁੰਦੀ ਸੀ; ਇਸ ਲਈ ਮਨੁੱਖ ਆਪਣੀ ਲੋੜ ਕਰਕੇ ਬੈਲਾਂ ਅਤੇ ਸੰਢਿਆਂ ਨੂੰ ਚੰਗੀ ਖ਼ੁਰਾਕ ਦੇ ਕੇ ਪਾਲਦੇ ਸੀ । ਅੱਜ ਦੇ ਮਸ਼ੀਨੀ-ਯੁੱਗ ਵਿੱਚ ਲਾਲਚੀ ਮਨੁੱਖ ਨੇ ਅਮਰੀਕੀ ਗਊਆਂ ਰੱਖ ਲਈਆਂ ਹਨ । ਟਰੈਕਟਰ ਅਤੇ ਪੈਟਰੋਲ ਨਾਲ ਚੱਲਣ ਵੱਲੀਆਂ ਗੱਡੀਆਂ ਹੀ



ਢੋਆ-ਢੁਆਈ ਲਈ ਵਰਤੀਆਂ ਜਾਂਦੀਆਂ ਹਨ । ਰਿਸ਼ਤਿਆਂ ਵਿੱਚ ਪਿਆਰ ਮਨਫ਼ੀ ਹੋ ਗਿਆ ਹੈ । ਵੱਛਿਆਂ ਦੇ ਜੰਮਣ 'ਤੇ ਇੰਞ ਅਫ਼ਸੋਸ ਮਨਾਇਆ ਜਾਂਦਾ ਹੈ ਜਿਵੇਂ ਕਿ ਲੜਕੀ ਪੈਦਾ ਹੋਣ 'ਤੇ । ਬਹੁਤ ਕਿਸਾਨ ਤਾਂ ਵੱਛਿਆਂ ਨੂੰ ਭੁੱਖਾ ਹੀ ਰੱਖਦੇ ਹਨ । ਜ਼ਰੂਰਤ ਪੈ ਜਾਣੀ ਹੈ ਪਿੱਛੇ ਪਰਤਣ ਦੀ, ਕੁਦਰਤੀ ਸੋਮਿਆਂ ਦੀ ਅੰਨ੍ਹੇਵਾਹ ਵਰਤੋਂ ਹੋਣ ਕਰਕੇ; ਡੀਜ਼ਲ, ਪੈਟਰੋਲ ਅਤੇ ਕੋਲੇ ਦੀ ਕਮੀ ਹੋ ਜਾਣੀ ਹੈ ।

ਅੰਤ ਵਿੱਚ ਮੈਂ ਇਹੋ ਹੀ ਕਹਿ ਸਕਦੀ ਹਾਂ ਕਿ ਭਗਤ ਜੀ ਦੇ ਵਿਖਿਆਨ ਦੁਨੀਆਂ ਦੇ ਲੋਕਾਂ ਦਾ ਸਦਾਚਾਰਕ ਜੀਵਨ ਹੋਰ ਵਧੀਆ ਬਣਾਉਣ ਵਿੱਚ ਸਹਾਈ ਹੋਣਗੇ । ਵਾਹਿਗੁਰੂ ਅੱਗੇ ਅਰਦਾਸ ਹੈ ਕਿ ਅਸੀਂ ਭਗਤ ਜੀ ਦੇ ਸੁਪਨੇ ਸਾਕਾਰ ਕਰ ਸਕੀਏ, ਉਹਨਾਂ ਦਾ ਹੇਠ ਲਿਖਿਆ ਸੁਨੇਹਾ ਸੰਗਤਾਂ ਨੂੰ ਇਸ ਕਿਤਾਬ ਰਾਹੀਂ ਪਹੁੰਚਾ ਸਕੀਏ:

**"ਆਪਣੇ ਬੁਢਾਪੇ ਵਿੱਚ ਮੈਂ ਇਸ ਵਿਸ਼ਵਾਸ ਨਾਲ ਜਿਊਣਾ ਚਾਹੁੰਦਾ ਹਾਂ ਕਿ ਦੇਸ਼ ਦੇ ਨੌਜਵਾਨ ਧਰਮ ਵਾਲੇ ਪਾਸੇ ਤੁਰ ਰਹੇ ਹਨ ਤੇ ਆਪਣੇ ਜੀਵਨ ਨੂੰ ਧਾਰਮਿਕ ਰੰਗ ਵਿੱਚ ਰੰਗ ਰਹੇ ਹਨ ।"**

ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਇਹੋ ਜਿਹੀਆਂ ਕਿਤਾਬਾਂ ਛਪਵਾਉਣ ਵਿੱਚ ਖੁੱਲ੍ਹੇ ਦਿਲ ਨਾਲ ਦਸਵੰਧ ਪਿੰਗਲਵਾੜਾ ਸੰਸਥਾ ਨੂੰ ਭੇਜਣ ਦੀ ਕ੍ਰਿਪਾਲਤਾ ਕਰਨ ।

**ਡਾ. ਇੰਦਰਜੀਤ ਕੌਰ, ਮੁੱਖ ਸੇਵਿਕਾ**

**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.) ਅੰਮ੍ਰਿਤਸਰ।**

# ਸਿੱਖੀ ਦਾ ਪ੍ਰਚਾਰ ਢੰਗ

**ਲੈਕਚਰ : ਭਗਤ ਪੂਰਨ ਸਿੰਘ ਜੀ**

ਜਿੰਨੇ ਵੀ ਵਿਖਿਆਨ ਹੋਏ ਹਨ ਉਨ੍ਹਾਂ ਵਿੱਚ ਸਿੱਖੀ ਦੇ ਖੇਤ ਦੀ ਰਾਖੀ ਕਰਨ ਲਈ, ਜਾਨ ਵਾਰਨ ਦੀ ਕੀਮਤ 'ਤੇ ਰਾਖੇ ਖੜ੍ਹੇ ਕਰਨ ਲਈ ਕਿਹਾ ਗਿਆ ਹੈ। ਵਿਖਿਆਨਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਹੇਠ ਲਿਖਿਆ ਵਾਕ ਉਚਾਰਿਆ ਗਿਆ ਹੈ:-

**ਚੁ ਕਾਰ ਅਜ ਹਮਹ ਹੀਲਤੇ ਦਰ ਗੁਜ਼ਸ਼ਤ ।**
**ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ ।**

ਇਸ ਵਾਕ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਸਿੱਖੀ ਦੀ ਰਾਖੀ ਲਈ ਜੇ ਸਭ ਹੀਲੇ ਖ਼ਤਮ ਹੋ ਜਾਣ ਤਾਂ ਤਲਵਾਰ ਵੀ ਉਠਾਈ ਜਾ ਸਕਦੀ ਹੈ । ਜਿੱਥੋਂ ਤਕ ਤਲਵਾਰ ਵਾਲੀ ਹਿੰਸਾ ਦਾ ਤੁਅੱਲਕ ਹੈ ਇਸ ਬਾਰੇ ਮੈਂ ਚੁੱਪ ਹਾਂ । ਨਾ ਹਾਂ ਕਹਾਂਗਾ ਨਾ ਨਾਂਹ ਕਹਾਂਗਾ; ਪਰ ਏਨੀ ਗੱਲ ਮੈਂ ਜ਼ਰੂਰ ਕਹਿਣੀ ਹੈ ਕਿ ਜਿਹੜੇ ਸਿੱਖੀ ਦੀ ਰਾਖੀ ਲਈ ਤਲਵਾਰ ਚੁੱਕਣ, ਉਨ੍ਹਾਂ ਨੂੰ ਸਿੱਖੀ ਦੇ ਵਾਧੇ ਲਈ ਪ੍ਰਾਣੀ-ਮਾਤਰ ਦੇ ਅਨੇਕ ਪ੍ਰਕਾਰ ਦੇ ਭਲੇ ਦੇ ਕੰਮ ਕਰਨ ਦਾ ਗਿਆਨ ਹੋਣਾ ਚਾਹੀਦਾ ਹੈ । ਜਿਹੜੇ ਸਿੱਖੀ ਦੀ ਰਾਖੀ ਲਈ ਤਲਵਾਰ ਚੁੱਕਣਗੇ ਉਹ ਮੌਤ ਦੀ ਕੀਮਤ 'ਤੇ ਤਲਵਾਰ ਚੁੱਕਣਗੇ; ਜਦੋਂ ਉਹ ਮਰ ਜਾਣਗੇ ਤਾਂ ਉਹ ਸ਼ਹੀਦ ਕਹਿਲਾਉਣਗੇ ।

ਜਿੰਨੇ ਵਿਖਿਆਨ ਹੋਏ ਹਨ ਸਭਨਾਂ ਵਿੱਚ ਇਹੀ ਕਿਹਾ ਗਿਆ ਹੈ ਕਿ ਪੰਥ ਦੀ ਰਾਖੀ ਕੀਤੀ ਜਾਣੀ ਚਾਹੀਦੀ ਹੈ। ਮੈਨੂੰ ਤਾਂ ਇਹ ਦੇਖਣ ਵਿੱਚ ਆ ਰਿਹਾ ਹੈ ਕਿ ਸਭ ਦਾ ਖ਼ਿਆਲ ਰਾਖੀ ਵਾਲੇ ਪਾਸੇ ਖੜ੍ਹੇ ਕਰਨ ਦਾ ਹੀ ਹੈ; ਪਰ ਦੇਖਣਾ ਤਾਂ ਇਹ ਹੈ ਕਿ ਰਾਖੀ ਜਿਸ ਖੇਤ ਦੀ ਕਰਨੀ ਹੈ ਉਸ ਖੇਤ ਵੱਲ ਵੀ ਕਿਸੇ ਦਾ ਧਿਆਨ ਹੈ ਜਾਂ ਨਹੀਂ, ਉਸ ਵਿੱਚ ਕੋਈ ਫ਼ਸਲ ਬੀਜੀ ਜਾ ਰਹੀ ਹੈ, ਜੇਕਰ ਕੋਈ ਫ਼ਸਲ ਬੀਜੀ ਜਾ ਚੁੱਕੀ ਹੈ ਤਾਂ ਉਸ ਦੀ ਗੋਡੀ ਕੋਈ ਕਰ ਰਿਹਾ ਹੈ ਜਾਂ ਨਹੀਂ, ਪਾਣੀ ਦੇ ਰਿਹਾ ਹੈ ਜਾਂ ਨਹੀਂ, ਰੂੜੀ ਦੀ ਖਾਦ ਪਾ



ਰਿਹਾ ਹੈ ਜਾਂ ਨਹੀਂ ? ਫ਼ਸਲ ਨੂੰ ਬੀਜਣ ਤੇ ਫ਼ਸਲ ਨੂੰ ਪਾਲਣ ਦਾ ਖ਼ਿਆਲ ਤਾਂ ਕਿਸੇ ਨੇ ਵੀ ਪ੍ਰਗਟ ਨਹੀਂ ਕੀਤਾ ।

ਮੈਂ ਹਿੰਦੂ ਲੜਕਾ ਸਾਂ । ਸੰਨ ੧੯੨੩ ਵਿੱਚ ਮੈਂ ਏਸੇ ਸ਼ਹਿਰ ਲੁਧਿਆਣਾ ਵਿੱਚ ਦਸਵੀਂ ਜਮਾਤ ਦਾ ਇਮਤਿਹਾਨ ਦਿੱਤਾ । ਇਮਤਿਹਾਨ ਦੇ ਪਿੱਛੋਂ ਕੁਝ ਦਿਨ ਮੈਂ ਇਸ ਸ਼ਹਿਰ ਵਿੱਚ ਰਿਹਾ । ਮੈਂ ਉਨ੍ਹਾਂ ਦਿਨਾਂ ਵਿਚ ਹਨੂਮਾਨ ਚਾਲੀਸੇ ਦੇ ਸੱਤ ਪਾਠ ਰੋਜ਼ ਕਰਦਾ ਹੁੰਦਾ ਸਾਂ ਤੇ ਹਫ਼ਤੇ ਵਿੱਚ ਤਿੰਨ ਵਰਤ ਰੱਖਦਾ ਹੁੰਦਾ ਸਾਂ । ਇਕ ਦਿਨ ਮੈਂ ਸਵੇਰ ਵੇਲੇ ਇਸ ਸ਼ਹਿਰ ਦੇ ਖ਼ਜ਼ਾਨਚੀਆਂ ਦੇ ਸ਼ਿਵ ਜੀ ਦੇ ਮੰਦਰ ਚਲਿਆ ਗਿਆ । ਮੈਂ ਖੂਹ ਵਿੱਚੋਂ ਡੋਲ ਨਾਲ ਪਾਣੀ ਕੱਢ-ਕੱਢ ਕੇ ਠਾਕਰਾਂ ਉੱਤੇ ਜੰਮੇ ਹੋਏ ਚੰਦਨ ਉਤਾਰੇ । ਮੂਧਾ ਲੰਮਾ ਪੈ ਕੇ ਮੱਥਾ ਟੇਕਿਆ। ਠਾਕਰਾਂ ਤੋਂ ਚੰਦਨ ਲਾਹੁੰਦੇ ਨੂੰ ਤੇ ਮੂਧਾ ਲੰਮਾ ਪੈ ਕੇ ਮੱਥਾ ਟੇਕਦੇ ਨੂੰ ਵੇਖ ਕੇ ਪੁਜਾਰੀ ਹੈਰਾਨ ਹੋ ਗਏ ਸਨ। ਇਤਫ਼ਾਕ ਨਾਲ ਉਹ ਵਕਤ ਵਿਦਿਆਰਥੀਆਂ ਦੇ ਰੋਟੀ ਖਾਣ ਦਾ ਸੀ । ਉਸ ਮੰਦਰ ਵਿੱਚ ਸੰਸਕ੍ਰਿਤ ਪੜ੍ਹਨ ਵਾਲੇ ਪੰਜ ਵਿਦਿਆਰਥੀ ਰਹਿੰਦੇ ਸਨ । ਉਹ ਵਿਦਿਆਰਥੀ ਆ ਕੇ ਬੈਠ ਗਏ । ਉਨ੍ਹਾਂ ਨੂੰ ਪ੍ਰਸ਼ਾਦਾ ਵਰਤਾਇਆ ਜਾਣ ਲੱਗਿਆ । ਮੈਂ ਵੀ ਉਨ੍ਹਾਂ ਵਿੱਚ ਬੈਠ ਗਿਆ । ਮੈਨੂੰ ਪੁਜਾਰੀ ਨੇ ਉਠਾ ਦਿੱਤਾ । ਠਾਕਰਾਂ ਉੱਤੇ ਹਰ ਕੋਈ ਚੰਦਨ ਥੱਪ ਜਾਂਦਾ ਹੈ । ਚੰਦਨ ਨੂੰ ਧੋਂਦਾ ਤਾਂ ਕੋਈ ਵੀ ਨਹੀਂ ਹੁੰਦਾ । ਮੈਨੂੰ ਚਾਰ ਪ੍ਰਸ਼ਾਦੇ ਦੇਣ ਤੋਂ ਬਚਣ ਲਈ, ਪੰਗਤ ਵਿੱਚੋਂ ਮੈਨੂੰ ਉਠਾਇਆ ਗਿਆ । ਮੈਂ ਉੱਨੀ ਸਾਲ ਦਾ ਮੁੰਡਾ ਸਾਂ ਤੇ ਕੱਪੜੇ ਵਿਦਿਆਰਥੀਆਂ ਵਾਲੇ ਪਹਿਨੇ ਹੋਏ ਸਨ । ਦੋ ਦਿਨਾਂ ਪਿੱਛੋਂ ਮੇਰੇ ਕੋਲ ਰੇਲ ਦਾ ਕਿਰਾਇਆ ਨਾ ਹੋਣ ਦੇ ਕਾਰਨ ਮੈਨੂੰ ਲੁਧਿਆਣਾ ਤੋਂ ਪੈਦਲ ਖੰਨਾ ਕਸਬੇ ਨੂੰ ਜਾਣਾ ਪੈ ਗਿਆ । ਰਸਤੇ ਵਿੱਚ ਗੁਰਦੁਆਰਾ ਰੇਰੂ ਸਾਹਿਬ ਆ ਗਿਆ ਜਿਸ ਵਿੱਚ ਮੈਨੂੰ ਇਕ ਰਾਤ ਕੱਟਣੀ ਪਈ। ਗੁਰਦੁਆਰੇ ਵਿੱਚ ਗੁੜ ਵਾਲੇ ਮਿੱਠੇ ਚੌਲ ਵਰਤਾਏ ਗਏ, ਵਧੀਆ ਦਾਲ, ਪ੍ਰਸ਼ਾਦੇ ਵਰਤਾਏ ਗਏ । ਲੱਸੀ ਨਿਰਾ ਦਹੀਂ ਸੀ ਤੇ ਚਾਹ ਨਿਰਾ ਦੁੱਧ ਸੀ । ਲੰਗਰ ਵਰਤਾਉਣ ਵਾਲੇ ਬੋਲਦੇ ਰਹੇ ਕਿ ਪ੍ਰਸ਼ਾਦਾ ਗੁਰਮੁਖੋ, ਚੌਲ ਗੁਰਮੁਖੋ । ਤਿੰਨ ਵਜੇ ਸ਼ਾਮ ਦੇ ਸੰਤ ਅਤਰ ਸਿੰਘ ਜੀ ਨੌਜਵਾਨਾਂ ਨੂੰ ਲੈ ਕੇ ਬੈਠ ਗਏ ਤੇ ਉਨ੍ਹਾਂ ਨੂੰ ਗੁਰਮਤਿ ਦਾ ਆਤਮਿਕ ਗਿਆਨ ਦੇਣ ਲੱਗ ਪਏ ।

ਮੈਂ ਸੋਚਿਆ ਕਿ ਇੱਥੇ ਨਿਰੇ ਮਿੱਠੇ ਚੌਲਾਂ ਵਾਲਾ ਢਿੱਡ ਨੂੰ ਭਰਨ ਲਈ ਭੋਜਨ ਹੀ ਨਹੀਂ ਮਿਲਦਾ ਬਲਕਿ ਦਿਮਾਗ਼ ਤੇ ਹਿਰਦੇ ਵਾਲਾ ਭੋਜਨ ਵੀ ਮਿਲਦਾ ਹੈ । **ਜਿਹੜੇ ਸਿੰਘ ਗੁਰਦੁਆਰੇ ਦੀ ਖੇਤੀ ਦਾ ਕੰਮ ਕਰਦੇ ਸਨ ਮੈਂ ਉਹਨਾਂ ਨੂੰ ਪੁੱਛਿਆ, "ਜੀ ਤੁਸੀਂ ਤਨਖ਼ਾਹ ਲੈਂਦੇ ਹੋ ?" ਉਨ੍ਹਾਂ ਨੇ ਉੱਤਰ ਦਿੱਤਾ, "ਨਹੀਂ ਅਸੀਂ ਤਾਂ ਸੇਵਾ ਦਾ ਜੀਵਨ ਬਿਤਾਅ ਰਹੇ ਹਾਂ ।"** ਇਸ ਉੱਤਰ ਨੇ ਮੈਨੂੰ ਹੈਰਾਨ ਕਰ ਦਿੱਤਾ। ਮੇਰੀ ਮਾਂ ਸੌ ਮੀਲ ਦੀ ਦੂਰੀ 'ਤੇ ਜਾ ਕੇ ਲਾਹੌਰ ਸ਼ਹਿਰ ਵਿੱਚ ਭਾਂਡੇ ਮਾਂਜਣ ਦੀ ਨੌਕਰੀ ਕਰ ਰਹੀ ਸੀ ਤੇ ਪੰਜ ਸਾਲ ਮੈਨੂੰ ਪੜ੍ਹਾਈ ਦਾ ਖ਼ਰਚ ਭੇਜਦੀ ਰਹੀ । ਮੈਂ ਖੰਨਾ ਕਸਬੇ ਦੇ ਬੋਰਡਿੰਗ ਹਾਊਸ ਵਿੱਚ ਸੱਤ ਸਾਲ ਦਾ ਸਮਾਂ ਰਿਹਾ ; ਪਰ ਦਸਵੀਂ ਜਮਾਤ ਦੇ ਇਮਤਿਹਾਨ ਪਿੱਛੋਂ ਤਾਂ ਮੈਂ ਬੋਰਡਿੰਗ ਹਾਊਸ ਵਿੱਚ ਨਹੀਂ ਰਹਿਣਾ ਸੀ । ਮੈਂ ਜਾਂਦਾ ਕਿੱਥੇ ਤੇ ਰਹਿੰਦਾ ਕਿੱਥੇ? ਸਿੰਘਾਂ ਦੇ ਇਹ ਕਹਿਣ ਨਾਲ ਅਸੀਂ ਤਨਖ਼ਾਹ ਨਹੀਂ ਲੈ ਰਹੇ, ਮੈਂ ਸੋਚਿਆ ਕਿ ਮੈਨੂੰ ਉਸ ਘਰ ਦੇ ਦਰਸ਼ਨ ਹੋ ਗਏ ਹਨ ਜਿਸ ਵਿੱਚ ਸੇਵਾ ਕਰਦਾ ਹੋਇਆ ਹਰ ਬੇਘਰ ਬੰਦਾ ਰਹਿ ਸਕਦਾ ਹੈ । ਮੈਂ ਉਸ ਗੁਰਦਵਾਰੇ ਤੋਂ ਮਨ ਵਜੋਂ ਸਿੱਖ ਬਣ ਕੇ ਨਿਕਲਿਆ । ਹਰ ਰੋਜ਼ ਕੀਤੇ ਜਾਣ ਵਾਲੇ ਹਨੂਮਾਨ ਚਾਲੀਸੇ ਦੇ ਸੱਤ ਪਾਠ, ਹਫ਼ਤੇ ਵਿੱਚ ਰੱਖੇ ਜਾਣ ਵਾਲੇ ਤਿੰਨ ਵਰਤ ਸਭ ਮੇਰੇ ਮਨ ਵਿੱਚੋਂ ਉੱਡ ਗਏ ਅਤੇ ਮੈਂ ਮਨ ਕਰਕੇ ਸਿੱਖ ਬਣ ਕੇ ਉਸ ਗੁਰਦੁਆਰੇ ਤੋਂ ਨਿਕਲਿਆ । ਗੁਰਦੁਆਰੇ ਤੋਂ ਨਿਕਲ ਕੇ ਖੰਨਾ ਕਸਬੇ ਵਿੱਚੋਂ ਦੀ ਹੁੰਦਾ ਹੋਇਆ ਮੈਂ ਆਪਣੇ ਪਿੰਡ ਨੂੰ ਪੈਦਲ ਜਾਣਾ ਹੀ ਸੀ । ਮੈਂ ਖੰਨਾ ਪੁੱਜ ਕੇ ਜਪੁ ਜੀ ਸਾਹਿਬ ਦਾ ਉਰਦੂ ਦਾ ਕਿਤਾਬਚਾ ਮੁੱਲ ਲਿਆ ਤੇ ਪਿੰਡ ਨੂੰ ਜਾਂਦਾ ਹੋਇਆ ਪੜ੍ਹਦਾ ਗਿਆ । ਮੈਂ ਹਿੰਦੀ ਪੜ੍ਹਿਆ ਹੋਇਆ ਸਾਂ, ਉਰਦੂ ਵਿੱਚ ਜਪੁ ਜੀ ਨੂੰ ਪੜ੍ਹਦਾ ਹੋਇਆ ਜਪੁ ਜੀ ਦੇ ਪੰਜਾਬੀ ਅੱਖਰਾਂ ਦੀ ਪਛਾਣ ਕਰਦਾ ਗਿਆ । ਗੁਰਦੁਆਰਾ ਰੇਰੂ ਸਾਹਿਬ ਦੀ ਇਕ ਦਿਨ ਦੀ ਯਾਤਰਾ ਵਿੱਚ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਕ-ਅੱਧਾ ਸ਼ਬਦ ਹੀ ਸੁਣਿਆ ਹੋਏਗਾ । ਰਾਤ ਪੈਣ ਵੇਲੇ ਰਹਿਰਾਸ ਸਾਹਿਬ ਦਾ ਪਾਠ ਸੁਣਿਆ । ਕੀਰਤਨ ਵਿੱਚ ਇਕ ਦੋ ਸ਼ਬਦ ਸੁਣੇ ਹੋਣਗੇ। ਮੈਂ ਸਿੱਖ-ਪੰਥ ਦੇ ਇਤਿਹਾਸ ਦੀ ਕੋਈ ਸਾਖੀ ਨਹੀਂ ਸੁਣੀ ਸੀ ।



ਅੰਗਰੇਜ਼ ਪਾਦਰੀ ਜਨਰਲ ਵਿਲੀਅਮ ਬੂਥ ਨੇ ਇੰਗਲੈਂਡ ਦੇਸ਼ ਵਿੱਚ ਮੁਕਤੀ ਫ਼ੌਜ (Salvation Army) ਦੀ ਬੁਨਿਆਦ ਰੱਖੀ ਸੀ । ਉਸ ਨੇ ਲਿਖਿਆ ਹੈ- If you want to attract people there are two attractions—food and shelter. ਅਰਥਾਤ ਜੇ ਤੁਸੀਂ ਦੁਨੀਆਂ ਦੇ ਬੰਦਿਆਂ ਨੂੰ ਆਪਣੇ ਵੱਲ ਖਿੱਚਣਾ ਚਾਹੁੰਦੇ ਹੋ ਤਾਂ ਖਿੱਚਾਂ ਦੋ ਹੀ ਹਨ— ਮੁਸਾਫ਼ਿਰ ਨੂੰ ਪ੍ਰਸ਼ਾਦਾ ਛਕਾਉ ਤੇ ਰਾਤ ਕਟਾਉ । ਪਰ ਤੁਸੀਂ ਇਸ ਸ਼ਹਿਰ ਦੇ ਕਲਗੀਧਰ ਗੁਰਦੁਆਰੇ ਜਾ ਕੇ ਦੇਖੋ ਰਜਾਈਆਂ ਕਿੰਨੀਆਂ ਮੈਲੀਆਂ ਹਨ। **ਜੇ ਰਾਤ ਕਟਾਉਣ ਤੇ ਚੰਗਾ ਪ੍ਰਸ਼ਾਦਾ ਛਕਾਉਣ ਨਾਲ ਦੂਜੇ ਮਜ਼੍ਹਬਾਂ ਦੇ ਬੰਦੇ ਸਿੱਖ ਬਣ ਸਕਦੇ ਹੋਣ ਤਾਂ ਹਰ ਸਿੱਖ ਗੁਰਦੁਆਰਿਆਂ ਦੇ ਲੰਗਰਾਂ ਤੇ ਮੁਸਾਫ਼ਿਰਖ਼ਾਨਿਆਂ ਨੂੰ ਆਦਰਸ਼ਕ ਢੰਗ ਨਾਲ ਚਲਾਉਣ ਲਈ ਦਸਵੰਧ ਕਿਉਂ ਨਾ ਕੱਢੇ?** ਸਿੱਖੀ ਦੇ ਖੇਤ ਦੀਆਂ ਫ਼ਸਲਾਂ ਕਿਸ ਤਰ੍ਹਾਂ ਬੀਜੀਆਂ ਜਾ ਸਕਦੀਆਂ ਹਨ ਤੇ ਕਿਸ ਤਰ੍ਹਾਂ ਪਾਲੀਆਂ ਜਾ ਸਕਦੀਆਂ ਹਨ, ਇਸ ਦੀਆਂ ਕੁਝ ਹੋਰ ਮਿਸਾਲਾਂ ਮੈਂ ਦਿੰਦਾ ਹਾਂ—**"ਮਾਸਿਕ ਪੱਤਰ ਪ੍ਰੀਤ ਲੜੀ ਵਿੱਚ ਮੈਂ ਪੜ੍ਹਿਆ ਸੀ ਕਿ ਇਕ ਬ੍ਰਾਹਮਣ ਅਮੀਰ ਜ਼ਿੰਮੀਦਾਰ ਸੀ । ਉਸ ਦਾ ਇਕ ਨੌਕਰ ਤਪਦਿਕ ਰੋਗ ਨਾਲ ਬੀਮਾਰ ਹੋ ਗਿਆ । ਉਸ ਨੌਕਰ ਨੂੰ ਉਸ ਅਮੀਰ ਬ੍ਰਾਹਮਣ ਨੇ ਨੌਕਰੀ ਤੋਂ ਹਟਾ ਦਿੱਤਾ ਤੇ ਘਰੋਂ ਬਾਹਰ ਕੱਢ ਦਿੱਤਾ । ਉਹ ਰੋਗੀ ਆਪ ਮਰਨ ਤੋਂ ਪਹਿਲਾਂ ਦੇ ਸਮੇਂ ਨੂੰ ਬਿਤਾਉਣ ਲਈ ਪਿੰਡ ਤੋਂ ਬਾਹਰ ਜਾ ਕੇ ਇਕ ਰੁੱਖ ਹੇਠ ਲੇਟ ਗਿਆ । ਇਕ ਕੁਆਰੀ ਈਸਾਈ ਕੁੜੀ ਹਰ ਰੋਜ਼ ਉਸ ਰੋਗੀ ਦੇ ਇਲਾਜ, ਸੇਵਾ-ਸੰਭਾਲ ਅਤੇ ਉਸ ਨੂੰ ਰੋਟੀ-ਪਾਣੀ ਦੇਣ ਲਈ ਉਸ ਕੋਲ ਜਾਂਦੀ ਰਹੀ। ਉਹ ਰੋਗੀ ਈਸਾਈ ਬਣ ਗਿਆ ।"**

ਸੰਨ ੧੯੪੭ ਦੀ ਦੇਸ਼ ਦੀ ਵੰਡ ਤੋਂ ਪਹਿਲਾਂ ਲਾਹੌਰ ਸ਼ਹਿਰ ਦੇ 'ਆਰੀਆ ਗਜ਼ਟ' ਅਖ਼ਬਾਰ ਵਿੱਚ ਇਕ ਖ਼ਬਰ ਛਪੀ ਸੀ ਕਿ ਦੇਸ਼ ਦੇ ਇਕ ਇਲਾਕੇ ਵਿੱਚ ਇਕ ਕਬੀਲੇ ਦੇ ਸਾਰੇ ਪਰਿਵਾਰ ਈਸਾਈ ਬਣਨ ਲੱਗੇ । ਲਾਹੌਰ ਸ਼ਹਿਰ ਦੇ ਉੱਚੀ ਪਦਵੀ ਵਾਲੇ ਆਰੀਆ ਸਮਾਜੀਆਂ ਦਾ ਇਕ ਟੋਲਾ ਉਸ ਕਬੀਲੇ ਪਾਸ ਗਿਆ ਤੇ ਉਸ ਟੋਲੇ ਨੇ ਉਸ ਕਬੀਲੇ ਦੇ ਬੰਦਿਆਂ ਨੂੰ ਕਿਹਾ ਕਿ ਹਿੰਦੂ ਧਰਮ ਦੇ ਨਿਯਮ ਬਹੁਤ ਚੰਗੇ ਹਨ ਤੇ ਈਸਾਈ ਧਰਮ ਹਿੰਦੂ ਧਰਮ

ਦੇ ਅਸੂਲਾਂ ਦਾ ਮੁਕਾਬਲਾ ਨਹੀਂ ਕਰ ਸਕਦਾ; ਕੀ ਇਸ ਲਈ ਹੀ ਤੁਸੀਂ ਇਕ ਚੰਗੇ ਧਰਮ ਨੂੰ ਛੱਡ ਰਹੇ ਹੋ ? ਉਸ ਕਬੀਲੇ ਦੇ ਬੰਦਿਆਂ ਨੇ ਉੱਤਰ ਦਿੱਤਾ ਕਿ ਨਾ ਸਾਨੂੰ ਹਿੰਦੂ ਧਰਮ ਦੇ ਨਿਯਮਾਂ ਦਾ ਪਤਾ ਹੈ, ਨਾ ਈਸਾਈ ਧਰਮ ਦੇ ਨਿਯਮਾਂ ਦਾ ਪਤਾ ਹੈ, ਅਸੀਂ ਤਾਂ ਈਸਾਈ ਧਰਮ ਦੇ ਬੰਦਿਆਂ ਦੇ ਗੁਣ ਵੇਖੇ ਹਨ, ਜਿਨ੍ਹਾਂ ਗੁਣਾਂ ਨੂੰ ਦੇਖ ਕੇ ਅਸੀਂ ਈਸਾਈ ਬਣਨ ਲੱਗੇ ਹਾਂ । ਇਕ ਅੰਗਰੇਜ਼ ਸਾਡੇ ਘਰਾਂ ਵਿੱਚ ਆ ਕੇ ਸਾਡੇ ਬੱਚਿਆਂ ਦੇ ਨੱਕ ਸਾਫ਼ ਕਰਿਆ ਕਰਦਾ ਹੈ । ਘਰ ਵਾਲਿਆਂ ਨੂੰ ਅਨੇਕਾਂ ਚੰਗੀਆਂ ਸਿੱਖਿਆਵਾਂ ਦਿੰਦਾ ਹੈ । ਜਿਹੜੀਆਂ ਸਾਡੀਆਂ ਚਿੰਤਾਜਨਕ ਸਮੱਸਿਆਵਾਂ ਹੁੰਦੀਆਂ ਹਨ ਉਨ੍ਹਾਂ ਨੂੰ ਹੱਲ ਕਰਦਾ ਹੈ—ਥਾਣੇਦਾਰ ਤੰਗ ਕਰੇ ਜਾਂ ਕੋਈ ਹਸਪਤਾਲ ਦੀ ਸਮੱਸਿਆ ਹੋਵੇ, ਸਕੂਲ ਦੀ ਸਮੱਸਿਆ ਹੋਵੇ, ਕਿਸੇ ਸਰਕਾਰੀ ਮਹਿਕਮੇ ਵਿੱਚ ਢਿੱਲ ਹੁੰਦੀ ਹੋਵੇ, ਉਹ ਸਾਡੀ ਹਰ ਸਮੱਸਿਆ ਨੂੰ ਹੱਲ ਕਰਦਾ ਹੈ । ਤੁਸੀਂ ਅੱਜ ਸਾਡੇ ਪਾਸ ਹਿੰਦੂ ਧਰਮ ਦੀ ਗੱਲ ਕਰਨ ਆ ਗਏ ਹੋ, ਤੁਹਾਡੇ ਅੱਜ ਦੇ ਇਕ ਦਿਨ ਆਉਣ ਨਾਲ ਹੀ ਅੰਗਰੇਜ਼ ਈਸਾਈ ਦੇ ਕਈ ਸਾਲਾਂ ਦੀ ਸੇਵਾ ਦੇ ਕੰਮਾਂ ਨੂੰ ਕਿਸ ਤਰ੍ਹਾਂ ਭੁਲਾ ਸਕਦੇ ਹਾਂ । ਸਾਡੇ ਹਿਰਦਿਆਂ ਵਿੱਚ ਉਸ ਈਸਾਈ ਦੇ ਸੇਵਾ ਦੇ ਕਾਰਜਾਂ ਦੀ ਇਕ ਅਮਿੱਟ ਛਾਪ ਪੈ ਚੁੱਕੀ ਹੈ ।

ਜਿਊਂਦੇ ਜਾਗਦੇ ਧਰਮਾਂ ਵਾਲੇ ਆਪਣੇ ਧਰਮਾਂ ਦੀਆਂ ਫ਼ਸਲਾਂ ਕਿਸ ਤਰ੍ਹਾਂ ਬੀਜਦੇ ਹੁੰਦੇ ਹਨ ਉਸ ਦਾ ਪਤਾ ਹੇਠ ਲਿਖੀ ਕਹਾਣੀ ਤੋਂ ਲੱਗ ਸਕਦਾ ਹੈ, ਜਿਹੜੀ ਅਮਰੀਕਾ ਦੇ ਟੈਕਸਾਸ ਸ਼ਹਿਰ ਦੇ ਯਹੂਦੀ ਪਾਦਰੀ ਰੈਬੀ ਹੈਨਰੀ ਕੋਹਨ ਬਾਰੇ ਸੀ ਤੇ Reader's Digest ਕਿਤਾਬ ਵਿੱਚ ਛਪੀ ਸੀ। ਉਹ ਪਾਦਰੀ ਆਪਣੇ ਕੁੜਤੇ ਦੇ ਕਫ਼ ਉੱਤੇ ਸਵੇਰ ਵੇਲੇ ਵੀਹ ਬੰਦਿਆਂ ਦੇ ਨਾਮ ਲਿਖ ਲੈਂਦਾ ਹੈ, ਜਿਨ੍ਹਾਂ ਬੰਦਿਆਂ ਦੀ ਸਹਾਇਤਾ ਦੇ ਕਾਰਜ ਉਸ ਨੇ ਸ਼ਾਮ ਤਕ ਭੁਗਤਾਉਣੇ ਹੁੰਦੇ ਹਨ । ਉਸ ਨੇ ਕੰਮਾਂ ਦੀਆਂ ਹੇਠ ਲਿਖੀਆਂ ਮਿਸਾਲਾਂ ਦਿੱਤੀਆਂ:—

ਪਹਿਲਾਂ ਉਹ ਪਾਦਰੀ ਹਸਪਤਾਲ ਜਾਵੇਗਾ ਤੇ ਉਸ ਬੰਦੇ ਨੂੰ ਮਿਲੇਗਾ ਜਿਸ ਨੂੰ ਆਪਣੇ ਪਰਿਵਾਰ ਦੇ ਕਈ ਫ਼ਿਕਰ ਲੱਗੇ ਹੋਣਗੇ । ਉਹ ਉਸ ਬੰਦੇ ਨੂੰ ਕਹੇਗਾ ਕਿ ਮੈਂ ਤੇਰੇ ਘਰ ਰਾਸ਼ਨ ਸੁਟਵਾ ਆਇਆ ਹਾਂ, ਹੋਰਨਾਂ ਖ਼ਰਚਾਂ ਦਾ ਪ੍ਰਬੰਧ ਵੀ ਕਰ ਆਇਆ ਹਾਂ, ਮਕਾਨ ਦਾ ਕਿਰਾਇਆ ਦਿਵਾ ਆਇਆ



ਹਾਂ,ਬੱਚਿਆਂ ਦੀਆਂ ਫ਼ੀਸਾਂ ਦੇ ਆਇਆ ਹਾਂ,ਤੇਰਾ ਕੰਮ ਇਸ ਵੇਲੇ ਇਹ ਹੈ ਕਿ ਤੂੰ ਰਾਜ਼ੀ ਹੋ । ਫਿਰ ਉਹ ਜੇਲ੍ਹ ਵਿੱਚ ਜਾ ਕੇ ਕਿਸੇ ਕੈਦੀ ਨੂੰ ਮਿਲੇਗਾ। ਉਸ ਨੂੰ ਵੀ ਇਹ ਕਹੇਗਾ ਕਿ ਮੈਂ ਤੇਰੇ ਪਰਿਵਾਰ ਦੇ ਖ਼ਰਚ ਦਾ ਪ੍ਰਬੰਧ ਕਰ ਆਇਆ ਹਾਂ, ਤੂੰ ਫ਼ਿਕਰ ਨਾ ਕਰੀਂ । ਦੁਕਾਨਦਾਰ ਨੂੰ ਮਿਲੇਗਾ ਉਸ ਨੂੰ ਵੀ ਉਹ ਇਹੋ ਕਹੇਗਾ ਕਿ ਤੇਰੀ ਧੀ ਦੀ ਸ਼ਾਦੀ ਹੈ, ਮੈਂ ਤੇਰੇ ਮਾਲਕ-ਮਕਾਨ ਨੂੰ ਕਹਿ ਆਇਆ ਹਾਂ ਕਿ ਉਹ ਤੇਰੇ ਕੋਲੋਂ ਕੋਈ ਕਿਰਾਇਆ ਨਾ ਲਵੇ । ਉਸੇ ਦਿਨ ਅਮਰੀਕਾ ਦੇ ਰਾਸ਼ਟਰਪਤੀ ਪਾਸ ਪੁੱਜ ਗਿਆ । ਉਸ ਨੂੰ ਉਸ ਨੇ ਕਿਹਾ ਕਿ ਫਲਾਣੇ ਬੰਦੇ ਨੂੰ ਫ਼ਾਂਸੀ ਨਾ ਦਿਓ ਤੇ ਮੁਆਫ਼ ਕਰ ਦਿਓ। ਰਾਸ਼ਟਰਪਤੀ ਨੇ ਕਿਹਾ ਕਿ You Jews are wonderful People ਅਰਥਾਤ ਤੁਸੀਂ ਯਹੂਦੀ ਹੈਰਾਨ ਕਰ ਦੇਣੇ ਵਾਲੇ ਬੰਦੇ ਹੋ । ਹੈਨਰੀ ਕੋਹਨ ਨੇ ਆਖਿਆ ਕਿ ਜਿਸ ਬੰਦੇ ਲਈ ਤੇਰੇ ਪਾਸ ਆਇਆ ਹਾਂ ਉਹ ਤਾਂ ਯਹੂਦੀ ਮਜ਼੍ਹਬ ਦਾ ਨਹੀਂ ਹੈ , ਉਹ ਤਾਂ ਈਸਾਈ ਧਰਮ ਦਾ ਬੰਦਾ ਹੈ । ਰਾਸ਼ਟਰਪਤੀ ਨੇ ਕਿਹਾ ਕਿ ਪਾਦਰੀ ਸਾਹਿਬ ਤੁਸੀਂ ਇਤਨੀ ਦੂਰ ਤੋਂ ਚੱਲ ਕੇ ਮੇਰੇ ਪਾਸ ਉਸ ਬੰਦੇ ਲਈ ਆਏ ਹੋ ਜਿਹੜਾ ਤੁਹਾਡੇ ਮਜ਼੍ਹਬ ਦਾ ਨਹੀਂ । ਹੈਨਰੀ ਕੋਹਨ ਨੇ ਰਾਸ਼ਟਰਪਤੀ ਨੂੰ ਜੁਆਬ ਦਿੱਤਾ ਕਿ ਉਹ ਤਾਂ ਰੋਮਨ ਕੈਥੋਲਿਕ ਫਿਰਕੇ ਦੇ ਈਸਾਈ ਧਰਮ ਦਾ ਬੰਦਾ ਹੈ । ਪਾਦਰੀ ਨੇ ਕਿਹਾ ਕਿ ਹਾਂ, ਮੈਂ ਦੂਜੇ ਮਜ਼੍ਹਬ ਦੇ ਬੰਦੇ ਲਈ ਹੀ ਤੁਹਾਡੇ ਪਾਸ ਆਇਆ ਹਾਂ ਜਿਹੜਾ ਈਸਾਈ ਧਰਮ ਦੇ ਰੋਮਨ ਕੈਥੋਲਿਕ ਫਿਰਕੇ ਦਾ ਬੰਦਾ ਹੈ। ਮੈਂ ਤਾਂ ਫਲਾਣੇ ਸ਼ਹਿਰ ਵਿੱਚ ਸਾਂ ਤੇ ਇਤਲਾਹ ਮਿਲਦਿਆਂ ਸਾਰ ਹੀ ਉੱਥੋਂ ਸਫ਼ਰ ਦਾ ਕਿਰਾਇਆ ਉਧਾਰ ਲੈ ਕੇ ਤੁਰ ਪਿਆ ਸਾਂ ।

ਕੀ ਕਿਸੇ ਸ਼ਹਿਰ ਦੇ ਗੁਰਦੁਆਰੇ ਦਾ ਮੁੱਖ-ਗ੍ਰੰਥੀ ਇਸ ਤਰ੍ਹਾਂ ਦੀ ਜਨਤਾ ਦੀ ਸੇਵਾ ਦੇ ਕਾਰਜ ਨੂੰ ਕਰਨ ਲਈ ਤਿਆਰ ਹੈ ? ਗੁਰਦੁਆਰਿਆਂ ਦੇ ਗ੍ਰੰਥੀ ਸਿੰਘਾਂ ਨੂੰ ਕੀ ਕਰਨਾ ਚਾਹੀਦਾ ਹੈ ਇਸ ਦੀਆਂ ਕੁਝ ਮਿਸਾਲਾਂ ਮੈਂ ਹੇਠਾਂ ਦੇ ਰਿਹਾ ਹਾਂ:—

ਪਿਛਲੇ ਸਿਆਲ ਵਿੱਚ ਇਕ ਪਹਾੜੀਆ ਹਿੰਦੂ, ਅੰਮ੍ਰਿਤਸਰ ਦੇ ਇਕ ਤਪਦਿਕ ਹਸਪਤਾਲ ਤੋਂ ਨਿਕਲ ਕੇ ਮੇਰੇ ਪਾਸ ਆਇਆ । ਉਸ ਨੇ

ਮੈਨੂੰ ਕਿਹਾ ਕਿ ਉਸ ਨੂੰ ਆਪਣੇ ਘਰ ਪਹਾੜ ਨੂੰ ਜਾਣ ਲਈ ਕਿਰਾਇਆ ਚਾਹੀਦਾ ਹੈ; ਪਰ ਪਹਾੜਾਂ ਨੂੰ ਜਾਣ ਲਈ ਉਸ ਦੇ ਕੋਲ ਕੱਪੜਾ ਨਹੀਂ ਸੀ ਤੇ ਇਕ ਪਤਲਾ ਕੁੜਤਾ ਸੀ, ਜੁੱਤੀ ਰਬੜ ਦੀ ਚੱਪਲ ਸੀ । ਮੈਂ ਉਸ ਨੂੰ ਪੰਜ ਸੌ ਰੁਪਏ, ਦੋ ਕੰਬਲ, ਦੋ ਸੌ ਦਸ ਰੁਪਏ ਵਾਲਾ ਗਰਮ ਪੱਟੀ ਦਾ ਕੋਟ, ਪੰਜਾਸੀ ਰੁਪਏ ਦਾ ਕੁੜਤਾ ਪਜਾਮਾ ਲੈ ਦਿੱਤੇ—੧੩੦ ਰੁਪਏ ਦੀ ਜੁੱਤੀ । ਰੇਲ ਦੇ ਇਕ ਸੌ ਅੱਸੀ ਰੁਪਏ ਕਿਰਾਏ ਸਮੇਤ ੧੧੦੫ ਰੁਪਏ ਰਕਮ ਬਣੀ ਸੀ ।

(੬-੪-੧੯੯੧) ਅੱਜ ਸਵੇਰੇ ਮੈਂ ਲੂਲ੍ਹੇ ਨੂੰ ਛੱਡਣ ਲਈ ਪੰਜ ਵਜੇ ਸ੍ਰੀ ਦਰਬਾਰ ਸਾਹਿਬ ਪੁੱਜਾ ਤੇ ਸਾਢੇ ਛੇ ਵਜੇ ਦੀ ਗੱਡੀ ਲੈਣ ਲਈ ਸਵਾ ਪੰਜ ਵਜੇ ਸ੍ਰੀ ਦਰਬਾਰ ਸਾਹਿਬ ਤੋਂ ਤੁਰਿਆ । ਸ੍ਰੀ ਦਰਬਾਰ ਸਾਹਿਬ ਦੇ ਇਕ ਸਿੱਖ ਯਾਤਰੀ ਪਰਿਵਾਰ ਨੂੰ ਰੇਲ ਦੇ ਕਿਰਾਏ ਲਈ ਦੋ ਸੌ ਰੁਪਏ ਚਾਹੀਦੇ ਸਨ। ਸ੍ਰੀ ਦਰਬਾਰ ਸਾਹਿਬ ਤੋਂ ਉਸ ਪਰਿਵਾਰ ਦੇ ਬੰਦੇ ਨੂੰ ਪਤਾ ਲੱਗਾ ਕਿ ਮੈਂ ਰੇਲਵੇ ਸਟੇਸ਼ਨ ਨੂੰ ਚਲਿਆ ਗਿਆ ਹਾਂ । ਉਹ ਬੰਦਾ ਸਟੇਸ਼ਨ ’ਤੇ ਪੁੱਜ ਗਿਆ । ਮੇਰੀ ਉੱਚੀ ਪੀਲੀ ਦਸਤਾਰ ਵੇਖ ਕੇ ਉਸ ਨੇ ਸੋਚਿਆ ਕਿ ਇਹ ਹੀ ਭਗਤ ਪੂਰਨ ਸਿੰਘ ਹੋਵੇਗਾ । ਉਸ ਨੇ ਮੇਰੇ ਕੋਲੋਂ ਕਿਰਾਏ ਲਈ ਦੋ ਸੌ ਰੁਪਏ ਮੰਗੇ । ਮੈਂ ਉਸ ਨੂੰ ਦੋ ਸੌ ਰੁਪਏ ਦੇ ਦਿੱਤੇ।

ਮੁਕਤੀ ਫੌਜ ਦੇ ਬਾਨੀ ਜਨਰਲ ਬੂਥ ਨੇ ਲਿਖਿਆ ਹੈ ਕਿ ਜਦ ਵੱਡੇ-ਵੱਡੇ ਸ਼ਹਿਰ ਹੋਂਦ ਵਿੱਚ ਨਹੀਂ ਆਏ ਸਨ ਤੇ ਪਿੰਡਾਂ ਵਿੱਚ ਵੱਸੋਂ ਹੁੰਦੀ ਸੀ, ਉਦੋਂ ਪਿੰਡਾਂ ਵਿਚ ਅਮੀਰ ਆਦਮੀ ਨੂੰ ਪਤਾ ਹੁੰਦਾ ਸੀ ਕਿ ਮੇਰੇ ਪਿੰਡ ਵਿੱਚ ਕਿਹੜੀ ਔਰਤ ਵਿਧਵਾ ਹੈ, ਕਿਹੜਾ ਬੱਚਾ ਯਤੀਮ ਹੈ, ਕਿਹੜਾ ਬੰਦਾ ਲਾਵਾਰਸ ਹੈ । ਜਿਹੜਾ ਦਾਨ ਉਹ ਆਪਣੀ ਕਮਾਈ ਵਿੱਚੋਂ ਕੱਢਦਾ ਹੁੰਦਾ ਸੀ ਉਹ ਉਨ੍ਹਾਂ ਨੂੰ ਦੇਂਦਾ ਹੁੰਦਾ ਸੀ ਅਤੇ ਪਿੰਡਾਂ ਵਿੱਚ ਹਰੇਕ ਵਿਧਵਾ ਇਸਤਰੀ ਨੂੰ, ਰੋਗੀ ਨੂੰ, ਲਾਵਾਰਸ ਬੁੱਢੇ ਨੂੰ, ਇਹ ਪਤਾ ਹੁੰਦਾ ਸੀ ਕਿ ਸਾਡੇ ਪਿੰਡ ਵਿੱਚ ਕਿਹੜਾ ਆਦਮੀ ਹੈ ਜਿਹੜਾ ਸਾਨੂੰ ਦਾਨ ਦੇ ਸਕਦਾ ਹੈ ; ਪਰ ਸ਼ਹਿਰਾਂ ਵਿੱਚ ਬੰਦੇ ਇਕ ਦੂਜੇ ਤੋਂ ਏਨੇ ਨਾਵਾਕਿਫ਼ ਹੁੰਦੇ ਹਨ ਕਿ ਉੱਪਰਲੇ ਚੁਬਾਰੇ ਵਾਲੇ ਬੰਦੇ ਨੂੰ ਇਹ ਪਤਾ ਨਹੀਂ ਹੁੰਦਾ ਕਿ ਕਿਹੜੀ ਇਸਤਰੀ ਵਿਧਵਾ ਹੈ, ਕਿਹੜਾ ਬੱਚਾ ਯਤੀਮ ਹੈ, ਕਿਹੜਾ ਬੁੱਢਾ ਲਾਵਾਰਸ ਹੈ । ਵਿਧਵਾਵਾਂ ਨੂੰ ਇਹ ਪਤਾ



ਨਹੀਂ ਹੁੰਦਾ ਕਿ ਕਿਹੜਾ ਅਮੀਰ ਆਦਮੀ ਹੈ ਜਿਸ ਕੋਲੋਂ ਦਾਨ ਮਿਲ ਸਕੇ। ਇਸ ਲਈ ਸ਼ਹਿਰਾਂ ਵਿੱਚ ਐਸੀ ਸੰਸਥਾ ਹੋਣੀ ਚਾਹੀਦੀ ਹੈ ਜਿੱਥੇ ਅਮੀਰ ਦਾਨ ਦੇਣ ਆਉਣ ਤੇ ਗ਼ਰੀਬ ਵਿਧਵਾਵਾਂ ਦਾਨ ਲੈਣ ਆਉਣ । ਇਹ ਕੰਮ ਗੁਰਦੁਆਰਿਆਂ ਨੂੰ ਕਰਨਾ ਚਾਹੀਦਾ ਹੈ ।

ਕੀ ਕਿਸੇ ਸਿੱਖ ਗੁਰਦੁਆਰੇ ਦਾ ਮੁੱਖ ਗ੍ਰੰਥੀ ਯਹੂਦੀ ਪਾਦਰੀ ਵਾਂਙ ਆਪਣੇ ਗੁਰਦੁਆਰੇ ਵਿੱਚ ਆਏ ਕਿਸੇ ਰੋਗੀ, ਕਿਸੇ ਵਿਧਵਾ ਇਸਤਰੀ ਦੀ ਸਹਾਇਤਾ ਕਰਨ ਲਈ ਤਿਆਰ ਹੈ ?

ਤੁਹਾਡੇ ਵਿੱਚੋਂ ਕਿੰਨੇ ਜਣੇ ਹਨ ਜਿਹੜੇ ਦਸਵੰਧ ਕੱਢਦੇ ਹਨ ਜਾਂ ਮੈਨੂੰ ਅਜਿਹੇ ਕਾਰਜਾਂ ਲਈ ਸਹਾਇਤਾ ਦੇ ਸਕਦੇ ਹਨ ? ਸ੍ਰੀ ਦਰਬਾਰ ਸਾਹਿਬ ਦੇ ਇਕ ਰਾਗੀ ਦਾ ਪੁੱਤਰ, ਬੈਂਕ ਦਾ ਕਲਰਕ ਹੈ, ਉਸ ਨੇ ਨਵਾਂ ਮਹਿੰਗਾ ਮੋਟਰਸਾਈਕਲ ਲਿਆ । ਮੇਰੇ ਪਾਸੋਂ ਹਰ ਰੋਜ਼ ਮੋਟਰਸਾਈਕਲ ’ਤੇ ਚੜ੍ਹ ਕੇ ਲੰਘਦਾ ਰਿਹਾ । ਉਸ ਨੇ ਕਦੇ ਇਹ ਨਾ ਸੋਚਿਆ ਕਿ ਭਗਤ ਪੂਰਨ ਸਿੰਘ ਸਵੇਰ ਤੋਂ ਰਾਤ ਪਈ ਤਕ ਸ੍ਰੀ ਦਰਬਾਰ ਸਾਹਿਬ ਦੇ ਬਾਹਰਲੇ ਬੂਹੇ ਵਿੱਚ ਕਿਉਂ ਬੈਠਾ ਰਹਿੰਦਾ ਹੈ ? ਪਿੰਗਲਵਾੜੇ ਦਾ ਨਾਮ ਉਸ ਨੇ ਸੁਣਿਆ ਹੋਇਆ ਹੈ । ਉਹ ਸਾਰਾ ਦਿਨ ਦਰਬਾਰ ਸਾਹਿਬ ਦੇ ਵਲਗਣ ਅੰਦਰ ਪਿੰਗਲਵਾੜੇ ਵੱਲੋਂ ਇਸ਼ਤਿਹਾਰਾਂ ਨੂੰ ਵੰਡਿਆਂ ਜਾਂਦਿਆਂ ਨੂੰ ਵੇਖਦਾ ਰਹਿੰਦਾ ਹੈ; ਪਰ ਮੋਟਰਸਾਈਕਲ ਦੀ ਸਵਾਰੀ ਹੀ ਉਸ ਦੇ ਮਨ ਦਾ ਸਭ ਤੋਂ ਵੱਡਾ ਚਾਉ ਰਿਹਾ ਹੈ। ਉਹ ਸਮਝਦਾ ਹੈ ਕਿ ਪੈਦਲ ਨਾ ਤੁਰਨਾ ਤੇ ਮੋਟਰਸਾਈਕਲ ਉੱਤੇ ਟੌਹਰ ਕੱਢ ਕੇ ਚੜ੍ਹਨਾ ਜੀਵਨ ਦਾ ਸਭ ਤੋਂ ਵੱਡਾ ਮਨੋਰਥ ਹੈ। ਉਸ ਨੂੰ ਬੇਆਸਰੇ ਅਪਾਹਿਜਾਂ ਤੇ ਰੋਗੀਆਂ ਦੀ ਸੇਵਾ ਦਾ ਕੋਈ ਖ਼ਿਆਲ ਨਹੀਂ ਅਤੇ ਨਾ ਹੀ ਉਸ ਪ੍ਰਚਾਰ ਦਾ ਖ਼ਿਆਲ ਹੈ ਜਿਹੜਾ ਕਾਰਜ ਸ੍ਰੀ ਦਰਬਾਰ ਸਾਹਿਬ ਦੇ ਬੂਹੇ ਅੱਗੇ ਹੋ ਰਿਹਾ ਹੈ । ਇਨ੍ਹਾਂ ਕਾਰਜਾਂ ਬਾਰੇ ਸੋਚਣ ਦਾ ਦਰਬਾਰ ਸਾਹਿਬ ਦੇ ਰਾਗੀ ਪਰਿਵਾਰ ਦਾ ਕੋਈ ਕਰਤੱਵ ਨਹੀਂ, ਭਾਵੇਂ ਉਹ ਰਾਗੀ ਦਾ ਪੁੱਤਰ ਸਰਕਾਰੀ ਬੈਂਕ ਦਾ ਕਲਰਕ ਹੋਵੇ ਤੇ ਚੰਗੀ ਤਨਖ਼ਾਹ ਲੈ ਰਿਹਾ ਹੋਵੇ? ਉਹ ਇਹੀ ਸੋਚਦਾ ਹੋਵੇਗਾ ਕਿ ਜੇ ਉਹ ਕਾਰਜ ਨਾ ਹੋਣ ਤਾਂ ਕੁਝ ਵਿਗੜੇਗਾ ਨਹੀਂ। ਜੋ ਕੁਝ ਕਮਾਇਆ ਜਾਵੇ ਆਪਣੀ ਹਉਮੈਂ ਦੇ ਪ੍ਰਗਟਾਵਿਆਂ ਲਈ ਖ਼ਰਚ ਕਰ

ਲਿਆ ਜਾਵੇ ਇਸ ਵਿੱਚ ਕੋਈ ਹਰਜ ਨਹੀਂ । ਇਹੋ ਹੀ ਜੀਵਨ ਦਾ ਸਭ ਤੋਂ ਵੱਡਾ ਮਨਰੋਥ ਹੈ । ਇਹ ਹਾਲ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਦੇ ਪੁੱਤਰ ਦਾ ਹੈ ਜਿਹੜਾ ਬੈਂਕ ਦਾ ਕਲਰਕ ਹੈ ।

ਅਮਰੀਕਾ ਵਿੱਚ ਇਕ ਕਿਤਾਬ ਛਪੀ ਹੈ ਜਿਸ ਦਾ ਨਾ World's Living Religions ਹੈ । ਉਸ ਕਿਤਾਬ ਵਿੱਚ ਲਿਖਿਆ ਹੈ ਕਿ ਦੁਨੀਆਂ ਦੇ ਕਈ ਮਜ਼੍ਹਬ ਅਜਿਹੇ ਹਨ ਜਿਹੜੇ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਫਲਾਣਾ ਪਾਪ ਨਾ ਕਰੋ,ਫਲਾਣਾ ਕੰਮ ਨਾ ਕਰੋ, ਉਹ ਇਹ ਨਹੀਂ ਦੱਸਦੇ ਕਿਹੜਾ ਚੰਗਾ ਕੰਮ ਕਰੋ । ਉਸ ਵਿੱਚ ਲਿਖਿਆ ਹੈ ਕਿ Religious values like all values much prove themselves again and again to every generation and every individual. Religious principles will be eternal but their explanation needs continuous development.

ਅਰਥਾਤ—ਧਰਮਾਂ ਦੇ ਨਿਯਮ ਤਾਂ ਸਦਾ ਰਹਿਣ ਵਾਲੇ ਹੁੰਦੇ ਹਨ, ਪਰ ਸਮਾਂ ਲੰਘਣ ਦੇ ਨਾਲ-ਨਾਲ ਉਨ੍ਹਾਂ ਦੀ ਵਿਆਖਿਆ ਵਧਦੀ ਫੁਲਦੀ ਰਹਿੰਦੀ ਹੈ । ਸਿੱਖ-ਪੰਥ ਦੇ ਪੈਦਾ ਹੋਣ ਤੋਂ ਪਹਿਲਾਂ ਭਾਰਤ ਦੇ ਮੰਦਰਾਂ 'ਚ ਖੀਰ, ਪੂੜੀ, ਕੜਾਹ ਅਤੇ ਪੂੜੇ ਮਿਲਦੇ ਹੁੰਦੇ ਸਨ, ਪਰ ਬਿਗਾਨੀਆਂ ਧੀਆਂ ਦੀਆਂ ਇੱਜ਼ਤਾਂ ਬਚਾਉਣ ਲਈ ਸ਼ਹੀਦੀਆਂ ਪੁਆਉਣ ਲਈ ਬੰਦੇ ਨਹੀਂ ਮਿਲਦੇ ਹੁੰਦੇ ਸਨ । ਇਕ ਬ੍ਰਾਹਮਣ ਦੀ ਫ਼ਰਿਆਦ 'ਤੇ ਸਿੰਘ ਸ਼ਹੀਦ ਹੋਣ ਲਈ ਤੁਰ ਪਏ ਤੇ ੫੯ ਸਿੰਘਾਂ ਦੀਆਂ ਸ਼ਹੀਦੀਆਂ ਪੁਆ ਕੇ ਕਸੂਰ ਕਸਬੇ ਦੇ ਮੁਗ਼ਲ ਹਾਕਮ ਪਾਸੋਂ ਬ੍ਰਾਹਮਣੀ ਛੁਡਾਈ। ਇਹ ਕਾਰਜ ਸਿੱਖਾਂ ਨੇ ਸ਼ਹੀਦਾਂ ਦਾ ਮੁੱਲ ਤਾਰ ਕੇ ਕੀਤਾ; ਪਰ ਇਸ ਸਮੇਂ ਔਰਤਾਂ ਦੀ ਇੱਜ਼ਤ ਬਚਾਉਣ ਲਈ ਇਕ ਨਵੀਂ ਸਮੱਸਿਆ ਪੈਦਾ ਹੋਈ ਹੈ। ਉਹ ਸਮੱਸਿਆ ਪਾਗਲ ਕੁੜੀਆਂ ਤੇ ਪਾਗਲ ਜੁਆਨ ਇਸਤਰੀਆਂ ਦੀਆਂ ਇੱਜ਼ਤਾਂ ਤੇ ਸਿਹਤਾਂ ਬਚਾਉਣ ਦੀ ਹੈ।ਪਿੰਗਲਵਾੜਾ ਪਾਗਲ ਇਸਤਰੀਆਂ ਤੇ ਕੁੜੀਆਂ ਦੇ ਇਲਾਜ ਕਰਾ ਕੇ ਰੋਗ ਦੂਰ ਕਰਾਉਂਦਾ ਹੈ, ਪਰ ਜਿਨ੍ਹਾਂ ਦੇ ਰੋਗ ਦਾ ਇਲਾਜ ਨਹੀਂ ਹੁੰਦਾ ਉਨ੍ਹਾਂ ਦੀਆਂ ਇੱਜ਼ਤਾਂ ਬਚਾਉਂਦਾ ਹੈ; ਨਹੀਂ ਤਾਂ ਉਹ ਬਦਮਾਸ਼ਾਂ ਦੇ ਕਹਿਰ ਦਾ ਸ਼ਿਕਾਰ



ਹੋਣਗੀਆਂ । ਜੇ ਇਕ ਬ੍ਰਾਹਮਣੀ ਬਦਲੇ ਸਿੱਖ ਸ਼ਹੀਦੀਆਂ ਦੇ ਸਕਦੇ ਹਨ ਤਾਂ ਕੀ ਪਿੰਗਲਵਾੜੇ ਦੇ ਇਸ ਕਾਰਜ ਲਈ ਦਸਵੰਧ ਨਹੀਂ ਕੱਢ ਸਕਦੇ? ਹੁਣ ਤਾਂ ਸ਼ਹੀਦੀਆਂ ਦੇਣ ਦੀ ਲੋੜ ਨਹੀਂ ਦਸਵੰਧ ਦੇਣ ਦੀ ਲੋੜ ਹੈ । ਹੁਣ ਜਿਨ੍ਹਾਂ ਪਾਗਲ ਕੁੜੀਆਂ ਨੂੰ ਤੇ ਜਵਾਨ ਇਸਤਰੀਆਂ ਨੂੰ ਪਿੰਗਲਵਾੜੇ ਵਿੱਚ ਸੰਭਾਲਿਆ ਜਾ ਰਿਹਾ ਹੈ ਉਨ੍ਹਾਂ ਦੀ ਸੇਵਾ ਸੰਭਾਲ ਲਈ ਦਸਵੰਧ ਕੱਢਣ ਲਈ ਕਿੰਨੇ ਸਿੱਖ ਸੋਚ ਰਹੇ ਹਨ ਤੇ ਦਸਵੰਧ ਕੱਢਣ ਨੂੰ ਤਿਆਰ ਹਨ? ਸਭਨਾਂ ਦਾ ਧਿਆਨ ਸਕੂਟਰ ਖ਼੍ਰੀਦਣ ਵੱਲ ਹੀ ਹੈ । ਜੇ ਗੁਰਦੁਆਰਿਆਂ ਦੇ ਅਨੇਕਾਂ ਗ੍ਰੰਥੀ ਸਿੰਘ ਹੀ ਦਸਵੰਧ ਨਹੀਂ ਕੱਢਦੇ ਹੋਣਗੇ ਤਾਂ ਬਾਕੀ ਕਿਸੇ ਦਾ ਕੀ ਕਹਿਣਾ ਹੈ। ਜੇ ਪਾਗਲਪਨ ਰੋਗ ਦਾ ਲੱਗਦੇ ਸਾਰ ਹੀ ਇਲਾਜ ਕਰਵਾਇਆ ਜਾਵੇ ਤਾਂ ਉਸ ਦਾ ਇਲਾਜ ਹੋ ਜਾਂਦਾ ਹੁੰਦਾ ਹੈ ।

ਸਿੱਖ ਕੌਮ ਨੂੰ ਜਿਹੜੀ ਨਿਖੇੜਵੀਂ ਤੇ ਅਦੁੱਤੀ ਪਦਵੀ ਭਾਰਤ ਦੇ ਇਤਿਹਾਸ ਵਿੱਚ ਮਿਲੀ ਉਹ ਕਾਬਲ ਵਾਲੇ ਪਾਸੇ ਤੋਂ ਹਮਲਾ ਕਰਨ ਆਉਣ ਵਾਲੇ ਧਾੜਵੀਆਂ ਦੇ ਹਮਲਿਆਂ ਦੇ ਦਰਿਆ ਦੇ ਵਹਿਣ ਨੂੰ ਉਲਟਾ ਕਾਬਲ ਵਾਲੇ ਪਾਸੇ ਮੋੜਣਾ ਸੀ । ਬ੍ਰਾਹਮਣ ਜਿਸ ਜ਼ਮਾਨੇ ਵਿੱਚ ਪੈਦਾ ਹੋਇਆ ਉਸ ਜ਼ਮਾਨੇ ਵਿੱਚ ਹੀ ਸਭ ਤੋਂ ਵੱਡੀ ਸਮੱਸਿਆ ਭਾਰਤ ਵਾਸੀਆਂ ਦੀ ਸੀ ਕਿ ਰਾਜ ਕਰਨ ਵਾਲੇ ਹਾਕਮ ਲੋਕਾਂ ਦੀਆਂ ਇਸਤਰੀਆਂ ਨੂੰ ਜ਼ਬਰੀ ਚੁੱਕ ਕੇ ਲੈ ਜਾਂਦੇ ਸਨ । ਸ਼ਹੀਦੀਆਂ ਪਾ ਕੇ ਉਹ ਬ੍ਰਾਹਮਣੀ ਛੁਡਾਈ ਗਈ ਸੀ । ਜੇ ਵੀਹਵੀਂ ਸਦੀ ਵਿੱਚ ਜਵਾਨ ਪਾਗਲ ਕੁੜੀਆਂ ਫਿਰ ਕੇ ਆਪਣੀਆਂ ਇੱਜ਼ਤਾਂ ਤੇ ਸਿਹਤਾਂ ਨੂੰ ਖ਼ਤਰੇ ਵਿੱਚ ਪਾ ਰਹੀਆਂ ਹਨ ਤਾਂ ਕੀ ਇਹ ਵੀਹਵੀਂ ਸਦੀ ਦੀ ਇਸਤਰੀ ਦੀ ਇੱਜ਼ਤ ਦੀ ਸਮੱਸਿਆ ਨੂੰ ਹੱਲ ਕਰਨ ਲਈ ਲੋਕ ਇਸ ਲਈ ਪਿੱਠ ਫੇਰ ਲੈਣਗੇ ਕਿ ਇਹ ਕੰਮ ਸ਼ਹੀਦੀਆਂ ਪਾ ਕੇ ਇਸਤਰੀਆਂ ਦੀ ਇੱਜ਼ਤ ਬਚਾਉਣ ਵਾਲਾ ਨਹੀਂ? ਸਾਡਾ ਇਤਿਹਾਸ ਦੱਸਦਾ ਹੈ ਕਿ ਉਸ ਇਸਤਰੀ ਦੀ ਇੱਜ਼ਤ ਬਚਾਉਣ ਦੀ ਲੋੜ ਹੁੰਦੀ ਹੈ ਜਿਸ ਦੀ ਇੱਜ਼ਤ ਬਚਾਉਣ ਲਈ ਸ਼ਹੀਦੀ ਪਾਏ ਜਾਵੇ । ਜੇ ਰੋਟੀ ਕੱਪੜਾ ਦੇ ਕੇ ਇੱਜ਼ਤ ਬਚਾਈ ਜਾਵੇ ਤਾਂ ਇਹ ਸਾਡਾ ਕੰਮ ਨਹੀਂ? ਅਸੀਂ ਲਹੂ ਦਾਨ ਦੇ ਸਕਦੇ ਹਾਂ, ਪੈਸੇ ਦੇਣੇ ਸਾਨੂੰ ਔਖੇ ਹਨ । ਪੈਸਿਆਂ ਨਾਲ ਅਸੀਂ ਕੋਠੀਆਂ ਬਣਾਵਾਂਗੇ, ਸਕੂਟਰ ਖ਼੍ਰੀਦਾਂਗੇ । ਉਹ

ਕੰਮ ਅਸੀਂ ਨਹੀਂ ਕਰਨਾ ਜਿਸ ਵਿੱਚ ਲਹੂ ਦਾਨ ਨਾ ਕਰਨਾ ਪਵੇ । ਵੀਹਵੀਂ ਸਦੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਦੋ ਸ਼ਬਦ:

**—ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥**
**ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥** (ਅੰਗ ੨੭੩)

**—ਸਫਲੁ ਜਨਮੁ ਹਰਿ ਜਨ ਕਾ ਉਪਜਿਆ**
**ਜਿਨਿ ਕੀਨੋ ਸਉਤੁ ਬਿਧਾਤਾ ॥** (ਅੰਗ੫੩੨)

ਇਹ ਮੰਗ ਕਰਦੇ ਹਨ ਕਿ ਜੇਕਰ ਪਾਗਲ ਕੁੜੀ ਸੜਕ ਉੱਤੇ ਆਵਾਰਾ ਫਿਰਦੀ ਹੋਈ ਆਪਣੀ ਇੱਜ਼ਤ ਤੇ ਸਿਹਤ ਨੂੰ ਖ਼ਤਰੇ ਵਿੱਚ ਪਾ ਰਹੀ ਹੋਵੇ ਤਾਂ ਉਸ ਦੀ ਰੱਖਿਆ ਕਰਨ ਲਈ ਤਨ ਮਨ ਧਨ ਨਾਲ ਉਪਰਾਲਾ ਕੀਤਾ ਜਾਵੇ । ਗੁਰਦੁਆਰਿਆਂ ਦੇ ਅਨੇਕਾਂ ਗ੍ਰੰਥੀ ਸਿੰਘ ਵੀ '**ਦਸਵੰਧ**' ਨਹੀਂ ਕੱਢਦੇ ਹੋਣਗੇ, ਬਾਕੀ ਤਾਂ ਕਿਸੇ ਦਾ ਕੀ ਕਹਿਣਾ ਹੈ ।

ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਦੇ ਭਰਾ ਪ੍ਰਿੰਸੀਪਲ ਨਿਰੰਜਨ ਸਿੰਘ ਨੇ ਲਿਖਿਆ ਸੀ ਕਿ ਦੁਨੀਆਂ ਦੇ ੬੦੦ ਬੰਦਿਆਂ ਵਿੱਚ ਇਕ ਸਿੱਖ ਹੁੰਦਾ ਹੈ । ਉਨ੍ਹਾਂ ਵਿੱਚ ੫੯੯ ਬੰਦੇ ਹੋਰਨਾਂ ਮਜ਼੍ਹਬਾਂ ਦੇ ਹੁੰਦੇ ਹਨ । ਇਤਨੀ ਘੱਟ ਗਿਣਤੀ ਦੇ ਸਿੱਖ ਤਾਂ ਹੀ ਸ਼ਾਨ ਨਾਲ ਤੇ ਸਤਿਕਾਰ ਨਾਲ ਜੀਅ ਸਕਦੇ ਹਨ ਜੇਕਰ ਉਨ੍ਹਾਂ ਵਿੱਚ ਉਚੇਚੇ ਗੁਣ ਹੋਣ, ਜਿਹੜੇ ਹੋਰਨਾਂ ਮਜ਼੍ਹਬਾਂ ਵਾਲਿਆਂ ਵਿੱਚ ਨਾ ਹੋਣ । ਯਹੂਦੀ ਕੌਮ ਦੀ ਗਿਣਤੀ ਵੀ ਥੋੜ੍ਹੀ ਹੈ । ਯਹੂਦੀ ਕੌਮ ਵਿੱਚ ਇਹ ਖ਼ਿਆਲ ਪੈਦਾ ਹੋਇਆ ਹੈ ਕਿ ਜੇਕਰ ਉਹ ਕੌਮ ਸਤਿਕਾਰ ਨਾਲ ਜੀਅ ਸਕਦੀ ਹੈ ਤਾਂ ਇਸ ਢੰਗ ਨਾਲ ਕਿ ਹਰ ਯਹੂਦੀ ਬੰਦਾ ਆਪਣੇ ਕਾਰਜ ਖੇਤਰ ਵਿੱਚ ਹੋਰਨਾਂ ਕੌਮਾਂ ਦੇ ਬੰਦਿਆਂ ਦੇ ਮੁਕਾਬਲੇ ਵਿੱਚ ਵਧੇਰੇ ਗੁਣਾਂ ਵਾਲਾ ਹੋਵੇ। ਇਸ ਮਨੋਰਥ ਲਈ ਉਸ ਕੌਮ ਨੇ ਇਹ ਫ਼ੈਸਲਾ ਕੀਤਾ ਹੋਇਆ ਹੈ ਕਿ ਬਾਰਾਂ ਸਾਲ ਦੀ ਉਮਰ ਦੇ ਹਰ ਮੁੰਡੇ ਕੁੜੀ ਨੂੰ ਹਰ ਰੋਜ਼ ਦੋ ਘੰਟਿਆਂ ਦਾ ਸਮਾਂ ਤਿੰਨ ਕੰਮਾਂ 'ਤੇ ਖ਼ਰਚ ਕਰਨਾ ਪੈਂਦਾ ਹੈ :-

**੧. ਯਹੂਦੀ ਕੌਮ ਦੇ ਧਰਮ ਗ੍ਰੰਥਾਂ ਨੂੰ ਪੜ੍ਹਨਾ ।**
**੨. ਯਹੂਦੀ ਕੌਮ ਦੇ ਇਤਿਹਾਸ ਨੂੰ ਪੜ੍ਹਨਾ ।**
**੩. ਯਹੂਦੀ ਕੌਮ ਦੀ ਮਾਂ-ਬੋਲੀ ਨੂੰ ਪੜ੍ਹਨਾ ।**



ਅੰਗਰੇਜ਼ ਇਤਿਹਾਸਕਾਰ Arnold Toynbee ਨੇ ਲਿਖਿਆ ਹੈ ਕਿ ਦੁਨੀਆਂ ਵਿੱਚ ਤਿੰਨ ਵੰਗਾਰਾਂ ਹੁੰਦੀਆਂ ਹਨ ਜਿਨ੍ਹਾਂ ਦਾ ਮੁਕਾਬਲਾ ਕਰਨ ਦੀ ਲੋੜ ਹੁੰਦੀ ਹੈ । ਉਹ ਵੰਗਾਰਾਂ—ਸਮਾਜਿਕ, ਵਾਤਾਵਰਣਿਕ ਤੇ ਸੱਭਿਆਚਾਰਿਕ ਹੁੰਦੀਆਂ ਹਨ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਵੱਲੋਂ ਭਾਰਤ ਵਾਸੀਆਂ ਦੀ ਹੋਈ ਦੁਰਗਤੀ ਨੂੰ ਦੇਖ ਕੇ ਜਿੱਥੇ ਬਾਬਰ ਨੂੰ ਜ਼ਾਬਰ ਕਿਹਾ ਉੱਥੇ ਭਾਰਤ ਵਾਸੀਆਂ ਨੂੰ ਵੀ ਦੋਸ਼ੀ ਠਹਿਰਾਇਆ ਤੇ ਫ਼ਰਮਾਇਆ ਕਿ ਭਾਰਤ ਵਾਸੀਆਂ ਦਾ ਆਚਰਣ ਡਿੱਗ ਗਿਆ ਸੀ, ਇਸ ਲਈ ਉਨ੍ਹਾਂ 'ਤੇ ਹਮਲੇ ਹੋਏ । ਉਨ੍ਹਾਂ ਨੇ ਫ਼ਰਮਾਇਆ :

**-ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥**
(ਅੰਗ ੩੬੦)

**-ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥**
(ਅੰਗ ੪੧੭)

ਸਮਾਜ ਤਿੰਨਾਂ ਸ਼ਕਤੀਆਂ ਨਾਲ ਚੱਲਦਾ ਹੁੰਦਾ ਹੈ—ਕਾਨੂੰਨ, ਲੋਕ-ਮੱਤ ਅਤੇ ਇਕੱਲੇ-ਇੱਕਲੇ ਬੰਦੇ ਦੀ ਆਤਮਾ ਦੀ ਜਾਗਰਿਤੀ । ਬੰਦੇ ਦੀ ਆਤਮਾ ਦੇ ਜਾਗਦੇ ਹੋਣ ਦਾ ਸਭ ਤੋਂ ਵੱਡਾ ਸਬੂਤ ਸੱਚਾ ਹੋਣਾ ਹੁੰਦਾ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਰਤ ਵਾਸੀਆਂ ਦੇ ਅੰਦਰ ਸੱਚਾਈ ਦੀ ਘਾਟ ਨੂੰ ਜਿੰਨਾ ਮਹਿਸੂਸ ਕੀਤਾ ਉਸ ਨੂੰ ਹੇਠ ਲਿਖੇ ਸ਼ਬਦ ਵਿੱਚ ਬਿਆਨ ਕੀਤਾ ਹੈ :-

**"ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥"**
(ਅੰਗ ੧੪੫)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਰਤ ਵਾਸੀਆਂ ਦੀ ਆਤਮਾ ਨੂੰ ਜਗਾਉਣ ਲਈ ੨੪ ਸਾਲਾਂ ਦੇ ਸਮੇਂ ਵਿੱਚੋਂ ਬਹੁਤ ਸਾਰਾ ਸਮਾਂ ਪੈਦਲ ਯਾਤਰਾ ਕਰਨ ਵਿੱਚ ਬਿਤਾਇਆ । ਉਹ ਜਦ ਸਵੇਰ ਵੇਲੇ ਅਗਲੇ ਪੜਾਅ ਨੂੰ ਤੁਰਦੇ ਹੁੰਦੇ ਸਨ ਤਾਂ ਉਨ੍ਹਾਂ ਦੇ ਮੁਖ਼ਾਰ-ਬਿੰਦ ਵਿੱਚੋਂ ਹੇਠ ਲਿਖੇ ਸ਼ਬਦ ਨਿਕਲਦੇ ਹੁੰਦੇ ਸਨ:-

"ਚਲ ਮਰਦਾਨਿਆਂ ਜੋਤਾਂ ਜਗਾਈਏ ।"

ਸਿੱਖ ਕੌਮ ਨੇ ਕਾਬਲ ਵਾਲੇ ਪਾਸੇ ਤੋਂ ਵਗਦੇ ਰਹੇ ਦਰਿਆ ਨੂੰ ਰੋਕ ਪਾਉਣ ਲਈ ਜਿਹੜੀਆਂ ਘਾਲਾਂ ਘਾਲੀਆਂ ਉਨ੍ਹਾਂ ਘਾਲਾਂ ਤੋਂ ਜਿਹੜੀ ਉੱਚੀ ਪਦਵੀ ਭਾਰਤ ਦੇ ਇਤਿਹਾਸ ਵਿੱਚ ਸਿੱਖ ਕੌਮ ਨੂੰ ਮਿਲੀ, ਉਸ ਪਦਵੀ ਨੂੰ ਭਾਰਤ ਦੇ ਇਤਿਹਾਸਕਾਰ ਭਾਈ ਪਰਮਾਨੰਦ ਨੇ ਜਿਨ੍ਹਾਂ ਸ਼ਬਦਾਂ ਵਿੱਚ ਬਿਆਨ ਕੀਤਾ ਹੈ ਉਹ ਉੱਪਰ ਆ ਚੁੱਕੇ ਹਨ । ਹੁਣ ਤੁਸੀਂ ਦੱਸੋ ਕਿ ਜੇ ਤੁਸੀਂ ਉਸ ਇਤਿਹਾਸਿਕ ਪਦਵੀ ਨੂੰ ਕਾਇਮ ਰੱਖਣਾ ਹੈ ਤਾਂ ਬਾਕੀ ਦੀਆਂ ਦੋ ਸਮੱਸਿਆਵਾਂ ਦੇ ਹੱਲ ਲਈ ਤੁਸੀਂ ਕੁਝ ਸੋਚੋਗੇ ਜਾਂ ਨਹੀਂ? ਜੇ ਤੁਸੀਂ ਨਹੀਂ ਸੋਚੋਗੇ ਤੇ ਨਹੀਂ ਕੁਝ ਕਰੋਗੇ ਤਾਂ ਫਿਰ ਤੁਸੀਂ ਉਹ ਨਿਖੇੜਵੀਂ ਪਦਵੀ ਕਾਇਮ ਨਹੀਂ ਰੱਖ ਸਕੋਗੇ, ਜਿਸ ਪਦਵੀ ਨੂੰ ਅਰਨਲਡ ਟਾਇਨਬੀ ਨੇ ਆਪਣੇ ਹੇਠ ਲਿਖੇ ਸ਼ਬਦਾਂ ਵਿੱਚ ਬਿਆਨ ਕੀਤਾ ਹੈ । ਉਸ ਨੇ ਲਿਖਿਆ ਹੈ ਕਿ ਦੁਨੀਆਂ ਦੀਆਂ ੨੧ ਸੱਭਿਅਤਾਵਾਂ ਨਸ਼ਟ ਹੋਈਆਂ ਹਨ—ਤੇ ਕੋਈ ਸੱਭਿਅਤਾ ਤਾਂ ਹੀ ਨਸ਼ਟ ਹੁੰਦੀ ਹੈ ਜੇ ਉਸ ਸੱਭਿਅਤਾ ਵਿੱਚੋਂ ਰਚਨਾਤਮਿਕ ਘੱਟ ਗਿਣਤੀ ਦੀ ਰਚਨਾਤਮਿਕ ਚੰਗਿਆੜੀ ਸਮਾਪਤ ਹੋ ਜਾਵੇ ।

That elite has not only to cope with the challenges to which a country is exposed. ਰਚਾਨਤਮਿਕ ਘੱਟ ਗਿਣਤੀ ਵਾਲੇ ਬੰਦਿਆਂ ਨੇ ਨਾ ਕੇਵਲ ਆਪਣੇ ਦੇਸ਼ ਦੀਆਂ ਵੰਗਾਰਾਂ ਦਾ ਮੁਕਾਬਲਾ ਕਰਨਾ ਹੁੰਦਾ ਹੈ ਬਲਕਿ ਉਨ੍ਹਾਂ ਬੰਦਿਆਂ ਦੀ ਬਹੁ ਗਿਣਤੀ ਨੂੰ ਨਾਲ ਰਲਾਉਣਾ ਹੁੰਦਾ ਹੈ ਜਿਹੜੇ ਰਚਨਾਤਮਿਕ ਨਹੀਂ ਹੁੰਦੇ ਅਤੇ ਮੁਕਾਬਲਾ ਕਰਕੇ ਉਨ੍ਹਾਂ ਨੂੰ ਨਜਿੱਠਣਾ ਹੁੰਦਾ ਹੈ । ਮਨੁੱਖ ਦੇ ਸੁਭਾਅ ਦਾ ਕੇਂਦਰੀ ਨਿਯਮ ਵਧਣਾ ਫੁੱਲਣਾ ਹੁੰਦਾ ਹੈ ਤੇ ਵਧਣ-ਫੁੱਲਣ ਦੀ ਇੱਛਿਆ ਓਨੀ ਹੀ ਤਾਕਤਵਰ ਹੁੰਦੀ ਹੈ ਜਿੰਨੀ ਤਾਕਤ ਵਜੋਂ ਉਸ ਦੀ ਜਿਊਣ ਦੀ ਇੱਛਿਆ ਹੁੰਦੀ ਹੈ । ਮਨੁੱਖ ਇਸ ਲਈ ਟੋਲੇ ਬਣਾਇਆ ਕਰਦੇ ਹਨ ਤਾਂ ਜੋ ਉਹਨਾਂ ਟੋਲਿਆਂ ਤੋਂ ਆਪਣੇ ਵਧਣ-ਫੁੱਲਣ ਲਈ ਸਹਾਇਤਾ ਪ੍ਰਾਪਤ ਕਰ ਸਕਣ।

ਭਾਰਤ ਦੀ ਧਰਤੀ ਰੇਤਾ ਹੋ ਰਹੀ ਹੈ । ਧਰਤੀ ਰੇਤਾ ਤਾਂ ਹੁੰਦੀ ਹੈ ਜੇਕਰ ਧਰਤੀ ਉੱਤੇ ਉਤਨੀ ਗਿਣਤੀ ਵਿੱਚ ਰੁੱਖ ਨਾ ਰਹਿਣ ਜਿੰਨੀ ਗਿਣਤੀ



ਵਿੱਚ ਉਨ੍ਹਾਂ ਦੀ ਧਰਤੀ ਉੱਤੇ ਧਰਤੀ ਨੂੰ ਰੇਤਾ ਹੋਣ ਤੋਂ ਬਚਾਉਣ ਲਈ ਜ਼ਰੂਰੀ ਹੁੰਦਾ ਹੈ । ਪਹਾੜਾਂ ਦੀ ਧਰਤੀ ਰੇਤ ਦਾ ਮਾਰੂਥਲ ਹੋਣ ਤੋਂ ਤਾਂ ਹੀ ਬਚ ਸਕਦੀ ਹੁੰਦੀ ਹੈ ਜੇਕਰ ਪਹਾੜਾਂ ਦੀ ਧਰਤੀ ਉੱਤੇ ਸੌ ਵਿੱਚੋਂ ੬੦ ਹਿੱਸੇ ਦੇ ਹਿਸਾਬ ਨਾਲ ਰੁੱਖ ਲੱਗੇ ਹੋਏ ਹੋਣ ਤੇ ਮੈਦਾਨਾਂ ਦੀ ਧਰਤੀ ਉੱਤੇ ਸੌ ਵਿੱਚੋਂ ੨੧ ਦੇ ਹਿਸਾਬ ਨਾਲ ਰੁੱਖ ਲੱਗੇ ਹੋਏ ਹੋਣ; ਪਰ ਪਹਾੜਾਂ ਦੀ ਤੇ ਮੈਦਾਨਾਂ ਦੀ ਧਰਤੀ 'ਤੇ ਰੁੱਖ ਅੰਨ੍ਹੇਵਾਹ ਕੱਟੇ ਜਾਂਦੇ ਰਹੇ ਹਨ । ਪਹਾੜਾਂ ਦੀ ਤੇ ਮੈਦਾਨਾਂ ਦੀ ਧਰਤੀ ਰੇਤ ਦਾ ਮਾਰੂਥਲ ਬਣਦੀ ਜਾ ਰਹੀ ਹੈ । ਇਸ ਧਰਤੀ ਨੇ ਵੀ ਅਗਲੇ ਵੀਹ ਸਾਲਾਂ ਦੇ ਸਮੇਂ ਵਿੱਚ ਰੇਤ ਦਾ ਮਾਰੂਥਲ ਬਣ ਜਾਣਾ ਹੈ । ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜਦ ਆਸਾਮ ਪ੍ਰਾਂਤ ਦੇ ਦੌਰੇ 'ਤੇ ਗਏ ਤਾਂ ਹਰ ਥਾਂ ਉੱਤੇ ਰੁੱਖ ਲੁਆਉਂਦੇ ਗਏ ਸਨ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੂਹ ਲੁਆਏ ਸਨ । ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਰੁੱਖਾਂ ਨੂੰ ਲਾਉਣ ਦਾ ਜਿਹੜਾ ਕੰਮ ਕੀਤਾ ਕੀ ਤੁਹਾਡੇ ਵਿੱਚ ਕੋਈ ਅਜਿਹਾ ਕਰਨ ਲਈ ਤਿਆਰ ਹੈ ? ਰੁੱਖ ਲਾਉਣ ਦੇ ਪ੍ਰਚਾਰ ਦਾ ਕੰਮ ਮੈਂ ਸੰਨ ੧੯੨੮ ਤੋਂ ਕਰ ਰਿਹਾ ਹਾਂ।

ਜਾਪਾਨ ਦੇ ਕਿਸੇ ਅੰਗਰੇਜ਼ੀ ਅਖ਼ਬਾਰ ਵਿੱਚ ਇਕ ਲੇਖ ਨਿਕਲਿਆ ਸੀ ਕਿ ਤਿੱਖੀ ਸੂਝ-ਬੂਝ ਵਾਲੇ ਬੰਦੇ ਦੀ ਦਿਲਚਸਪੀ ਅਨੇਕਾਂ ਚੀਜ਼ਾਂ ਵੱਲ ਹੁੰਦੀ ਹੈ ਤੇ ਉਹ ਖੋਜ ਕਰ ਕਰ ਕੇ ਹਰ ਚੀਜ਼ ਦੀ ਤਹਿ ਵਿੱਚ ਜਾਣ ਵਾਲਾ ਹੁੰਦਾ ਹੈ । ਉਸ ਦੀ ਦਿਲਚਸਪੀ ਪ੍ਰਬੰਧ ਵੱਲ ਨਹੀਂ ਹੁੰਦੀ ।

ਜੇ ਤੁਸੀਂ ਧਰਤੀ ਨੂੰ ਰੇਤ ਦਾ ਮਾਰੂਥਲ ਬਣਨ ਤੋਂ ਬਚਾਉਣਾ ਚਾਹੁੰਦੇ ਹੋ ਤਾਂ ਹਰ ਬੰਦੇ ਨੂੰ ਆਪ ਰੁੱਖਾਂ ਨੂੰ ਲਾਉਣ ਵੱਲ ਧਿਆਨ ਦੇਣਾ ਪਵੇਗਾ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨ ਦੇ ਇਤਿਹਾਸ ਵਿੱਚ ਰੁੱਖਾਂ ਨੂੰ ਲਾਉਣ ਦੀਆਂ ਘਾਲਣਾਵਾਂ ਦਾ ਅਧਿਐਨ ਕਰਨਾ ਪਵੇਗਾ ।

## ਇਕ ਗੁਰਮੁਖ ਬੰਦੇ ਦੀ

# ਸਾਲਾਨਾ ਬਰਸੀ

## ਦੇ ਅਵਸਰ 'ਤੇ ਭਗਤ ਪੂਰਨ ਸਿੰਘ ਦਾ ਵਿਖਿਆਨ

ਭਗਤ ਜੀ ਨੇ ਇਸ ਅਵਸਰ 'ਤੇ ਬੋਲਦਿਆਂ ਕਿਹਾ ਕਿ ਡਾਕਟਰ ਹਰਬੰਸ ਸਿੰਘ ਜੀ ਦੀ ਸੰਤਾਨ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਤੇ ਗੁਰਬਾਣੀ ਦੇ ਕੀਰਤਨ ਦੁਆਰਾ ਜਿਹੜੀ ਉਨ੍ਹਾਂ ਦੀ ਦੂਸਰੀ ਬਰਸੀ ਮਨਾਈ ਜਾ ਰਹੀ ਹੈ, ਇਹ ਇਕ ਸ਼ਲਾਘਾਯੋਗ ਉੱਦਮ ਹੈ । ਆਪ ਜੀ ਨੇ ਕਿਹਾ ਕਿ ਪ੍ਰਮਾਤਮਾ ਨੇ ਜਦੋਂ ਸ੍ਰਿਸ਼ਟੀ ਰਚਣ ਦੀ ਯੋਜਨਾ ਬਣਾਈ ਸੀ ਉਸ ਸਮੇਂ ਉਸਨੂੰ ਇਹ ਮਨਜ਼ੂਰ ਨਹੀਂ ਸੀ ਕਿ ਸ੍ਰਿਸ਼ਟੀ ਵਿੱਚ ਜਿਹੜਾ ਮਨੁੱਖ ਪੈਦਾ ਹੋਵੇ, ਉਹ ਸਦਾ ਜਿਉਂਦਾ ਰਹੇ ਤੇ ਆਰੰਭ ਤੋਂ ਅਖ਼ੀਰ ਤਕ ਇਕੋ ਵਾਰ ਜੰਮੇ ਬੰਦੇ ਸ੍ਰਿਸ਼ਟੀ ਦੀ ਆਬਾਦੀ ਬਣੇ ਰਹਿਣ । ਕੁਦਰਤ ਨੇ ਬੰਦੇ ਦੀ ਉਮਰ ਦੀ ਹੱਦ ਸੌ ਸਾਲ ਦੇ ਆਲੇ ਦੁਆਲੇ ਬੰਨ੍ਹ ਦਿੱਤੀ । ਪਰ ਕਈ ਬੰਦੇ ਅਜਿਹੇ ਹੁੰਦੇ ਹਨ ਜਿਹੜੇ ਬਹੁਤ ਵਿਦਵਾਨ ਹੁੰਦੇ ਹਨ ਤੇ ਜਿਹੜੇ ਆਪਣੇ ਗਿਆਨ ਤੇ ਕਰਨੀ ਨਾਲ ਸੰਸਾਰ ਦਾ ਅਨੇਕ ਪ੍ਰਕਾਰ ਦਾ ਭਲਾ ਕਰਦੇ ਰਹੇ ਹੁੰਦੇ ਹਨ । ਉਨ੍ਹਾਂ ਦੀ ਇਹ ਇੱਛਾ ਹੁੰਦੀ ਹੈ ਕਿ ਉਹ ਆਪਣੇ ਉਚੇਚੇ ਭਲੇ ਦੇ ਕੰਮਾਂ ਲਈ ਸਦਾ ਜਿਊਂਦੇ ਰਹਿਣ, ਪਰ ਕੁਦਰਤ ਕਿਸੇ ਬੰਦੇ ਦੀ ਉਮਰ ਦੀ ਹੱਦ ਤੋਂ ਉੱਤੇ ਉਸ ਨੂੰ ਜਿਊਣ ਨਹੀਂ ਦੇਂਦੀ । ਇਸ ਲਈ ਚੰਗੇ ਬੰਦਿਆਂ ਨੂੰ ਆਪਣਾ ਦੁਨੀਆਂ ਦੇ ਭਲੇ ਦਾ ਮਨੋਰਥ ਪੂਰਾ ਕਰਨ ਲਈ ਇਹੋ ਕਰਨਾ ਪੈਂਦਾ ਹੈ ਕਿ ਉਹ ਆਪਣੇ ਪੁੱਤਰਾਂ ਧੀਆਂ ਦੇ ਹਿਰਦਿਆਂ ਵਿੱਚ ਉਹ ਗੁਣ ਵਸਾ ਜਾਣ ਤੇ ਉਹਨਾਂ ਨੂੰ ਉਹਨਾਂ ਕੰਮਾਂ ਵਿੱਚ ਪਾ ਜਾਣ ਜਿਨ੍ਹਾਂ ਚੰਗੇ ਕੰਮਾਂ ਨੂੰ ਉਹ ਆਪ ਕਰਦੇ ਰਹੇ ਹੁੰਦੇ ਹਨ । ਉਹਨਾਂ ਕੋਲੋਂ ਇਹ ਆਸ ਰੱਖਣ ਕਿ ਉਨ੍ਹਾਂ ਦੇ ਮਰਨ ਦੇ ਪਿੱਛੋਂ ਉਹ ਉਸੇ ਤਰ੍ਹਾਂ ਉਨ੍ਹਾਂ ਕੰਮਾਂ ਨੂੰ ਕਰਦੇ ਰਹਿਣਗੇ ਜਿਸ ਤਰ੍ਹਾਂ ਉਹ ਉਹਨਾਂ ਨੂੰ ਆਪ ਕਰਦੇ ਰਹੇ ਸਨ । ਭਗਤ ਜੀ ਨੇ ਭਾਈ ਗੁਰਦਾਸ ਜੀ ਦੇ ਸ਼ਬਦ **"ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।"** (ਅਰਥ—ਤੁਕ ਦੇ ਲਫ਼ਜ਼ੀ ਅਰਥ ਇਹ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਆਪਣਾ ਸਰੀਰ ਬਦਲ ਕੇ ਗੁਰੂ ਹਰਿਗੋਬਿੰਦ ਜੀ ਦੇ ਸਰੀਰ ਵਿੱਚ ਬਿਠਾ



ਨਵੇਂ ਜਾਮੇ ਨੂੰ ਸੁਸ਼ੋਭਿਤ ਕੀਤਾ । ਇਸ ਦਾ ਭਾਵ ਅਰਥ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਜੋਤ ਹੀ ਗੁਰੂ ਹਰਿਗੋਬਿੰਦ ਜੀ ਦੀ ਜੋਤ ਹੋ ਗਈ)। ਬੋਲ ਕੇ ਕਿਹਾ ਇਸ ਸ਼ਬਦ ਤੋਂ ਇਹੋ ਭਾਵ ਪ੍ਰਗਟ ਹੁੰਦਾ ਹੈ । ਭਗਤ ਜੀ ਨੇ ਕਿਹਾ ਕਿ ਪਲੈਟੋ ਫ਼ਿਲਾਸਫ਼ਰ ਨੇ ਬੰਦੇ ਦੇ ਇਸ ਕਰਤੱਵ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਪ੍ਰਗਟ ਕੀਤਾ ਹੈ—

**I know not upon what a sensible man should employ himself than upon his own son.**

ਅਰਥਾਤ—ਮੇਰੇ ਖ਼ਿਆਲ ਵਿੱਚ ਕਿਸੇ ਬੰਦੇ ਲਈ ਇਸ ਤੋਂ ਵੱਧ ਕੋਈ ਚੰਗਾ ਕੰਮ ਨਹੀਂ ਹੋ ਸਕਦਾ ਕਿ ਉਹ ਆਪਣੇ ਬੱਚੇ ਦੇ ਜੀਵਨ ਦੀ ਘਾੜਤ ਘੜਨ ਵਿੱਚ ਵੱਧ ਤੋਂ ਵੱਧ ਸਮਾਂ ਦੇਵੇ ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਬਦ **"ਪੂਤਾ ਮਾਤਾ ਕੀ ਆਸੀਸ ॥ ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥"** (ਅੰਗ ੮੯੬) ਵੀ ਏਸੇ ਭਾਵ ਨੂੰ ਪ੍ਰਗਟ ਕਰਦਾ ਹੈ ਅਰਥਾਤ ਮੇਰੀ ਮਾਤਾ ਨੇ ਮੈਨੂੰ ਸਦਾ ਵਾਸਤੇ ਇਹ ਅਸੀਸ ਦਿੱਤੀ ਸੀ ਕਿ ਤੈਨੂੰ ਇਕ ਪਲ ਵੀ ਰੱਬ ਦਾ ਨਾਮ ਨਾ ਭੁੱਲੇ ।

ਇਸ ਅਵਸਰ 'ਤੇ ਅਸੀਂ ਡਾਕਟਰ ਸਾਹਿਬ ਦੇ ਪ੍ਰੇਮੀ ਇਕੱਠੇ ਹੋਏ ਹਾਂ । ਡਾਕਟਰ ਸਾਹਿਬ ਬੜੇ ਪਰਉਪਕਾਰੀ ਤੇ ਦਇਆਵਾਨ ਸਨ । ਉਹ ਗ਼ਰੀਬਾਂ ਦਾ ਇਲਾਜ ਮੁਫ਼ਤ ਕਰਦੇ ਸਨ । ਉਹ ਨਾਮ ਤੇ ਬਾਣੀ ਦੇ ਰਸੀਏ ਸਨ । ਉਨ੍ਹਾਂ ਦਾ ਜੀਵਨ ਵੈਰਾਗ ਦਾ ਜੀਵਨ ਸੀ । ਭਗਤ ਜੀ ਨੇ ਡਾਕਟਰ ਜੀ ਦੇ ਪਰਿਵਾਰ ਬਾਰੇ ਕਿਹਾ ਕਿ ਇਹਨਾਂ ਸਾਨੂੰ ਇਸ ਲਈ ਸੱਦਿਆ ਹੈ ਤਾਂ ਜੋ ਅਸੀਂ ਇਹ ਅੰਦਾਜ਼ਾ ਲਾ ਸਕੀਏ ਕਿ ਇਹ ਆਪਣੇ ਪਿਤਾ ਦੇ ਪੂਰਨਿਆਂ 'ਤੇ ਚੱਲ ਰਹੇ ਹਨ ਜਾਂ ਨਹੀਂ । ਜੇ ਨਹੀਂ ਚੱਲ ਰਹੇ ਤਾਂ ਅਸੀਂ ਇਹਨਾਂ ਨੂੰ ਯਾਦ ਕਰਾ ਸਕੀਏ ਕਿ ਤੁਹਾਡੇ ਪਿਤਾ ਜੀ ਤੁਹਾਡੇ ਲਈ ਕਿਹੜੇ ਪੂਰਨੇ ਪਾ ਗਏ ਹਨ । ਭਗਤ ਜੀ ਨੇ ਕਿਹਾ ਕਿ ਹਿੰਦੂ ਧਰਮ ਅਨੁਸਾਰ ਹਰ ਬੰਦਾ ਆਪਣੇ ਸਿਰ 'ਤੇ ਪੰਜ ਕਰਜ਼ੇ ਲੈ ਕੇ ਜਨਮ ਲੈਂਦਾ ਹੈ । ਇਹਨਾਂ 'ਚੋਂ ਇਕ ਕਰਜ਼ਾ ਮਹਾਪੁਰਸ਼ਾਂ ਦਾ ਹੁੰਦਾ ਹੈ, ਜਿਨ੍ਹਾਂ ਨੇ ਸੰਸਾਰ ਦੇ ਬੰਦਿਆਂ ਨੂੰ ਆਤਮਾ ਦਾ ਗਿਆਨ ਦੇਣ ਦੀ ਖੋਜ ਕੀਤੀ ਹੁੰਦੀ ਹੈ ਤੇ ਜਿਨ੍ਹਾਂ ਦੀ ਖੋਜ ਦੁਆਰਾ ਧਰਮ ਗ੍ਰੰਥ ਹੋਂਦ 'ਚ ਆਏ ਹੁੰਦੇ ਹਨ । ਸੰਸਾਰ ਦੇ ਬੰਦੇ ਤਦੇ ਸੁਖ-ਸ਼ਾਂਤੀ ਨਾਲ ਰਹਿ ਸਕਦੇ ਹਨ ਜੇਕਰ ਹਰ ਇਕ ਬੰਦੇ ਦੇ ਹਿਰਦੇ ਵਿੱਚ ਮਨੁੱਖੀ ਸੱਭਿਅਤਾ

ਦਾ ਮੁੱਢਲਾ ਅਸੂਲ "**ਜੀਓ ਅਤੇ ਜਿਊਣ ਦਿਓ**" ਵੱਸ ਰਿਹਾ ਹੋਵੇ । ਜਦੋਂ ਤਕ ਮਨੁੱਖੀ ਜੀਵਨ ਦੀ ਪਵਿੱਤਰਤਾ ਦਾ ਅਹਿਸਾਸ ਹਰ ਇਕ ਇਨਸਾਨ ਦੇ ਹਿਰਦੇ ਵਿੱਚ ਨਹੀਂ ਹੋਵੇਗਾ ਓਦੋਂ ਤਕ ਦੁਨੀਆਂ ਦੇ ਬੰਦੇ ਸੁੱਖ-ਸ਼ਾਂਤੀ ਨਾਲ ਨਹੀਂ ਜੀ ਸਕਦੇ ।

ਗੁਰੂ ਸਾਹਿਬ ਮਰਦਾਨੇ ਸਮੇਤ ਸੱਜਣ ਠੱਗ ਦੇ ਉਧਾਰ ਲਈ ਉਸ ਦੇ ਡੇਰੇ 'ਤੇ ਜਾ ਕੇ ਉਸ ਨੂੰ ਮਿਲੇ ਤਾਂ ਸੱਜਣ ਬਹੁਤ ਪ੍ਰਸੰਨ ਹੋਇਆ । ਉਸ ਨੇ ਗੁਰੂ ਸਾਹਿਬ ਦਾ ਖੇੜਾ ਭਰਪੂਰ ਚੇਹਰਾ ਵੇਖਿਆ ਤਾਂ ਉਸ ਨੂੰ ਇਹ ਖ਼ਿਆਲ ਉਪਜਿਆ ਕਿ ਇਹ ਪ੍ਰਦੇਸੀ ਕੋਈ ਬਹੁਤ ਧਨਾਢ ਪ੍ਰਤੀਤ ਹੁੰਦਾ ਹੈ ਤੇ ਦਿਲ ਹੀ ਦਿਲ ਵਿੱਚ ਬਹੁਤ ਖ਼ੁਸ਼ ਹੋਇਆ ਕਿ ਇਕ ਚੰਗਾ ਸ਼ਿਕਾਰ ਕਾਬੂ ਆਇਆ ਹੈ । ਗੁਰੂ ਸਾਹਿਬ ਨੇ ਉਸ ਨੂੰ ਕੋਈ ਵਿਖਿਆਨ-ਉਪਦੇਸ਼ ਨਹੀਂ ਕੀਤਾ, ਉਸ ਦੀਆਂ ਕਾਲੀਆਂ ਕਰਤੂਤਾਂ ਦਾ ਉਚੇਚਾ ਜ਼ਿਕਰ ਨਹੀਂ ਕੀਤਾ; ਕੇਵਲ ਮਰਦਾਨੇ ਨੂੰ ਰਬਾਬ ਵਜਾਉਣ ਦੀ ਹਦਾਇਤ ਕੀਤੀ ਤੇ ਸ਼ਬਦ ਗਾਇਆ, ਜਿਸ ਵਿੱਚ ਸੱਜਣ ਸ਼ਬਦ ਦੀ ਕੇਵਲ ਇਕ ਵਾਰ ਵਰਤੋਂ ਕੀਤੀ ਗਈ ਹੈ ਤੇ ਉਹ ਵੀ ਦੋਸਤ ਦੇ ਅਰਥਾਂ ਵਿੱਚ । ਸੱਜਣ ਨੂੰ ਸਾਰੇ ਸ਼ਬਦ ਦੀਆਂ ਤੁਕਾਂ ਉਸ ਦੇ ਆਪਣੇ ਮਲੀਨ ਹਿਰਦੇ ਉੱਤੇ ਘਟਦੀਆਂ ਦਿੱਸੀਆਂ । ਉਸ ਅੰਦਰ ਪਰਿਵਰਤਨ ਹੋਣਾ ਸ਼ੁਰੂ ਹੋਇਆ । ਅਸਲ ਗੱਲ ਇਹ ਹੈ ਕਿ ਓਸ ਰੱਬ ਦੇ ਬੰਦੇ ਨੇ ਭਾਵੇਂ ਕਿਤਨੇ ਹੀ ਪਾਪ ਕੀਤੇ ਪਰ ਉਹਨਾਂ ਪਾਪਾਂ ਦਾ ਕੁਝ ਪ੍ਰਤੀਕਰਮ ਉਸਦੇ ਅੰਦਰ ਪਹਿਲਾਂ ਤੋਂ ਹੀ ਹੋ ਰਿਹਾ ਸੀ, ਨਹੀਂ ਤਾਂ ਨਿਰੇ ਸ਼ਬਦ ਦੇ ਪੜ੍ਹੇ ਜਾਣ ਨਾਲ ਇੰਨੀ ਮਹਾਨ ਤਬਦੀਲੀ ਨਹੀਂ ਹੋ ਸਕਦੀ ਸੀ । ਅਜਾਮਲ, ਗਣਕਾ ਆਦਿਕ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ ਕਿ ਜਦ ਕਿਸੇ ਬੁਰੇ ਮਨੁੱਖ ਦਾ ਆਪਣਾ ਰਸਤਾ ਬਦਲਣਾ ਹੁੰਦਾ ਹੈ ਤਾਂ ਕਰਤਾਰ ਦੀ ਕ੍ਰਿਪਾ ਨਾਲ ਉਸਦੀ ਅੰਦਰੂਨੀ ਮਾਨਸਿਕ ਹਾਲਤ ਬਦਲਣੀ ਸ਼ੁਰੂ ਹੋ ਜਾਂਦੀ ਹੈ, ਥੋੜ੍ਹਾ ਜਿਹਾ ਜਗਾਣ ਦੀ ਲੋੜ ਹੁੰਦੀ ਹੈ ਜੋ ਕਿ ਗੁਰੂ ਨਾਨਕ ਜੈਸੇ ਮਹਾਂਪੁਰਸ਼ ਮਹਾਨ ਸਤਿਗੁਰੂ ਤੋਂ ਆਸਾਨੀ ਨਾਲ ਹੋ ਜਾਂਦੀ ਹੈ ।

ਜਿਹੜਾ ਬੰਦਾ ਸ਼ਰਾਬ ਪੀ ਕੇ ਟਰੱਕ ਜਾਂ ਕਾਰ ਚਲਾਉਂਦਾ ਹੈ ਜੇਕਰ ਉਸ ਦੇ ਹਿਰਦੇ ਵਿੱਚ ਖ਼ਿਆਲ ਹੋਵੇ ਕਿ ਮੇਰੀ ਪੀਤੀ ਸ਼ਰਾਬ ਨਾਲ ਐਕਸੀਡੈਂਟ ਹੋ ਕੇ ਅਨੇਕਾਂ ਬੰਦਿਆਂ ਦੀਆਂ ਮੌਤਾਂ ਹੋ ਸਕਦੀਆਂ ਹਨ ਤਾਂ ਉਹ ਸ਼ਰਾਬ ਪੀ ਕੇ ਟਰੱਕ ਨਾ ਚਲਾਵੇ; ਪਰ ਸ਼ਰਾਬ ਪੀ ਕੇ ਟਰੱਕ ਚਲਾਉਣ ਵਾਲਾ ਬੰਦਾ ਇਸ ਲਈ ਸ਼ਰਾਬ ਪੀਂਦਾ ਹੈ ਕਿਉਂਕਿ ਉਸ ਦੇ ਹਿਰਦੇ ਵਿੱਚ ਇਸ ਗੱਲ



ਦਾ ਕੋਈ ਫ਼ਿਕਰ ਨਹੀਂ ਹੁੰਦਾ ਕਿ ਉਸ ਦੀ ਸ਼ਰਾਬ ਦਾ ਨਸ਼ਾ ਕਈ ਬੰਦਿਆਂ ਦੀਆਂ ਜਾਨਾਂ ਮਾਰਨ ਦਾ ਕਾਰਨ ਬਣ ਸਕਦਾ ਹੈ । ਉਸ ਲਈ ਕਿਸੇ ਬੰਦੇ ਦਾ ਮਰਨਾ ਖੇਲ ਤਮਾਸ਼ਾ ਹੁੰਦਾ ਹੈ; ਪਰ ਟਰੱਕ ਵਾਲਾ ਤਾਂ ਬੱਸ 'ਚ ਟੱਕਰ ਮਾਰ ਕੇ ਪੰਜਾਹ ਸੱਠ ਬੰਦਿਆਂ ਨੂੰ ਹੀ ਮਾਰਦਾ ਹੈ, ਪਰ ਹੁਣ ਤਾਂ ਹਾਈਡਰੋਜਨ ਬੰਬ ਦਾ ਖ਼ਤਰਾ ਪੈਦਾ ਹੋ ਚੁੱਕਾ ਹੈ । ਪਤਾ ਨਹੀਂ ਕਿਹੜਾ ਬੰਦਾ ਹਾਈਡਰੋਜਨ ਬੰਬ ਚਲਾ ਕੇ ਕਰੋੜਾਂ ਬੰਦੇ ਖ਼ਤਮ ਕਰ ਦੇਵੇ ।

ਭਗਤ ਜੀ ਨੇ ਕਿਹਾ ਕਿ ਸੰਗਲ ਦੀ ਸ਼ਕਤੀ ਓਨੀ ਹੁੰਦੀ ਹੈ ਜਿੰਨੀ ਸ਼ਕਤੀ ਉਸ ਦੇ ਕਮਜ਼ੋਰ ਤੋਂ ਕਮਜ਼ੋਰ ਕੁੰਡੇ ਵਿੱਚ ਹੁੰਦੀ ਹੈ । ਜਦ ਇਕ ਮਨੁੱਖ ਦੇ ਹੱਥ ਵਿੱਚ ਕਰੋੜਾਂ ਬੰਦਿਆਂ ਨੂੰ ਮਾਰਨ ਦੀ ਸ਼ਕਤੀ ਆ ਚੁੱਕੀ ਹੈ, ਫਿਰ ਇਸ ਤੋਂ ਬਿਨਾਂ ਹੋਰ ਕਿਹੜਾ ਵਧੇਰੇ ਨਾਜ਼ਕ ਸਮਾਂ ਆਏਗਾ ਜਦ ਸੰਸਾਰ ਦੇ ਬੰਦੇ ਹਰ ਇਕ ਬੰਦੇ ਨੂੰ "**ਜੀਓ ਅਤੇ ਜਿਊਣ ਦਿਓ**" ਅਰਥਾਤ ਜੀਵਨ ਦੀ ਪਵਿੱਤਰਤਾ ਦਾ ਉਪਦੇਸ਼ ਸੁਣਾ ਕੇ ਮਹਾਂਪੁਰਸ਼ਾਂ ਦਾ ਕਰਜ਼ਾ ਉਤਾਰਨਗੇ । ਭਗਤ ਜੀ ਨੇ ਕਿਹਾ ਕਿ ਜਿਹੜੇ ਬੰਦੇ ਚਾਕੂ ਨਾਲ ਚੀਜ਼ਾਂ ਖੋਂਹਦੇ ਹਨ, ਕੰਮ ਕਰ ਕੇ ਨਹੀਂ ਖਾਂਦੇ, ਉਹ ਇਸ ਲਈ ਅਜਿਹਾ ਕਰ ਰਹੇ ਹਨ ਕਿਉਂਕਿ ਅਸੀਂ ਉਹਨਾਂ ਨੂੰ "**ਜੀਓ ਅਤੇ ਜਿਊਣ ਦਿਓ**" ਦਾ ਉਪਦੇਸ਼ ਸੁਣਾ ਕੇ ਮਹਾਂਪੁਰਸ਼ਾਂ ਦਾ ਕਰਜ਼ਾ ਨਹੀਂ ਉਤਾਰਿਆ ਹੁੰਦਾ ।

ਭਗਤ ਜੀ ਨੇ ਕਿਹਾ ਕਿ ਮਨੁੱਖ ਆਪਣੇ ਜਨਮ ਤੋਂ ਬਹੁਤ ਸਾਰੀਆਂ ਭੈੜੀਆਂ ਰੁਚੀਆਂ ਲੈ ਕੇ ਪੈਦਾ ਹੁੰਦਾ ਹੈ । ਉਸ ਵਿੱਚ ਕਈ ਐਸੀਆਂ ਰੁਚੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਸੰਜਮ ਤੇ ਮਰਯਾਦਾ ਅੰਦਰ ਰੱਖਣ ਦੀ ਲੋੜ ਹੁੰਦੀ ਹੈ; ਨਹੀਂ ਤਾਂ ਉਹ ਬੰਦੇ ਨੂੰ ਤਬਾਹ ਕਰ ਸਕਦੀਆਂ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਬਦ "**ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥ ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥**" (ਅੰ:੭੧੦) ਅਰਥਾਤ—ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਮੈਨੂੰ ਪਲ-ਪਲ 'ਤੇ ਰੱਬ ਨਾਲੋਂ ਜੁਦਾ ਕਰਨ ਦਾ ਯਤਨ ਕਰ ਰਹੇ ਹਨ । ਮਨੁੱਖ ਦੇ ਮਨ ਨੇ ਸਦਾ ਕੁਝ ਕਰਦੇ ਰਹਿਣਾ ਹੁੰਦਾ ਹੈ; ਇਸ ਲਈ ਜੇਕਰ ਉਸ ਨੂੰ ਸਤਿ, ਸੰਤੋਖ ਤੇ ਦਇਆ ਦੀ ਸਿੱਖਿਆ ਨਾ ਦਿੱਤੀ ਜਾਏ ਤਾਂ ਨਾ ਉਹ ਆਪ ਜਿਊਂਦਾ ਹੈ ਤੇ ਨਾ ਦੂਜਿਆਂ ਨੂੰ ਜਿਊਣ ਦਿੰਦਾ ਹੈ।

ਭਗਤ ਜੀ ਨੇ ਕਿਹਾ ਕਿ ਸੰਸਾਰ ਦੇ ਬੰਦਿਆਂ ਨੂੰ ਰੂਹਾਨੀ ਖ਼ੁਸ਼ੀ ਪ੍ਰਾਪਤ ਕਰਨ ਲਈ ਫ਼ਿਕਰਮੰਦ ਹੋ ਜਾਣਾ ਚਾਹੀਦਾ ਹੈ । ਸਵਾ ਸੌ ਸਾਲ ਦੇ ਅੰਦਰ-ਅੰਦਰ ਪਹਾੜਾਂ ਦੇ ਪਾਣੀ ਦੇ ਸਾਰੇ ਡੈਮ ਗਾਰ ਨਾਲ ਭਰ ਜਾਣਗੇ ।

ਕੋਈ ਨਹਿਰ ਉਸ ਵੇਲੇ ਨਾ ਚੱਲੇਗੀ । ਸੌ ਸਾਲ ਦੇ ਅੰਦਰ ਕੋਇਲਾ ਖਾਣਾਂ ਵਿੱਚੋਂ ਸਮਾਪਤ ਹੋ ਜਾਵੇਗਾ । ਪੰਜਾਹ ਸਾਲ ਤਕ ਡੀਜ਼ਲ ਦੇ ਜ਼ਖੀਰੇ ਖ਼ਤਮ ਹੋ ਜਾਣਗੇ । ਉਸ ਵੇਲੇ ਖੂਹ ਨਾਲ ਜਿੰਨਾ ਅੰਨ ਪੈਦਾ ਹੋਵੇਗਾ ਉਹ ਕੇਵਲ ੩੫ ਕਰੋੜ ਲੋਕਾਂ ਲਈ ਹੋਵੇਗਾ । ਇਸ ਲਈ ਸੰਸਾਰ ਦੇ ਕਰੋੜਾਂ ਬੰਦਿਆਂ ਨੂੰ ਬ੍ਰਹਮਚਾਰੀ ਰਹਿ ਕੇ ਆਬਾਦੀ ਰੋਕਣੀ ਪਵੇਗੀ । ਬ੍ਰਹਮਚਾਰੀ ਉਹੀ ਰਹਿ ਸਕਦਾ ਹੈ ਜਿਹੜਾ ਪਰਉਪਕਾਰ ਦੇ ਕੰਮ ਕਰਕੇ ਆਤਮਾ ਦੀਆਂ ਖ਼ੁਸ਼ੀਆਂ ਮਾਣ ਰਿਹਾ ਹੋਵੇ, ਕਿਉਂਕਿ ਆਤਮਾ ਦੀ ਸਭ ਤੋਂ ਵੱਡੀ ਖ਼ੁਸ਼ੀ ਪਰਉਪਕਾਰ ਤੋਂ ਮਿਲਦੀ ਹੈ । ਜਦੋਂ ਕੋਈ ਆਦਮੀ ਆਤਮਾ ਦੀਆਂ ਖ਼ੁਸ਼ੀਆਂ ਨੂੰ ਮਾਣਨ ਲੱਗ ਜਾਵੇ ਤਾਂ ਉਸ ਨੂੰ ਖੋਟੀਆਂ ਖ਼ੁਸ਼ੀਆਂ ਮਾਣਨ ਦੀ ਲੋੜ ਨਹੀਂ ਰਹਿ ਜਾਂਦੀ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਹ ਸ਼ਬਦ "**ਇਹ ਰਸ ਛਾਡੇ ਉਹ ਰਸੁ ਆਵਾ ॥ ਉਹ ਰਸੁ ਪੀਆ ਇਹ ਰਸੁ ਨਹੀਂ ਭਾਵਾ ॥**" (**ਅੰਗ ੩੪੨**) ਇਸੇ ਗੱਲ ਨੂੰ ਪ੍ਰਗਟ ਕਰਦਾ ਹੈ । ਸੰਸਾਰ ਦੇ ਬੰਦਿਆਂ ਨੂੰ 'ਜੀਓ ਤੇ ਜਿਊਣ ਦਿਓ' ਦਾ ਗਿਆਨ ਦੇਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਰੋੜਿਆਂ ਦੀ ਵਿਛਾਈ ਕਰ ਕੇ ਦੇਸ਼ ਦੇ ਕੋਨੇ ਕੋਨੇ ਤਕ ਘੁੰਮੇ ਤੇ ਹਜ਼ਾਰਾਂ ਮੀਲਾਂ ਦਾ ਸਫ਼ਰ ਕੀਤਾ ।

**ਡਾਕਟਰ ਸਾਹਿਬ ਦੇ ਪਰਿਵਾਰ ਨੇ ਆਪਣੇ ਵਿੱਤ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਪਵਾ ਕੇ ਤੇ ਕੀਰਤਨ ਕਰਵਾ ਕੇ ਦੁਨੀਆਂ ਦੇ ਬੰਦਿਆਂ ਨੂੰ 'ਜੀਓ ਤੇ ਜਿਊਣ ਦਿਓ' ਦਾ ਉਪਦੇਸ਼ ਦੇ ਕੇ ਮਹਾਂਪੁਰਸ਼ਾਂ ਦਾ ਕਰਜ਼ਾ ਉਤਾਰਨ ਦਾ ਯਤਨ ਕੀਤਾ ਹੈ । ਬੀਬੀ ਇੰਦਰਜੀਤ ਕੌਰ ਆਪ M.B.B.S. ਡਾਕਟਰ ਹੈ ਤੇ ਆਪਣਾ ਹਸਪਤਾਲ ਚਲਾ ਰਹੀ ਹੈ । ਇਸ ਬਰਸੀ ਦੇ ਪਾਠ ਨੂੰ ਬੀਬੀ ਜੀ ਨੇ ਤੇ ਉਨ੍ਹਾਂ ਦੇ ਮਾਤਾ ਜੀ ਨੇ ਸਾਲ ਭਰ ਵਿੱਚ ਪੂਰਾ ਕੀਤਾ ਹੈ । ਕਿਰਾਏ 'ਤੇ ਗ੍ਰੰਥੀ ਲੈ ਕੇ ਦੋ ਤਿੰਨਾਂ ਦਿਨਾਂ ਵਿੱਚ ਕੰਮ ਮੁਕਾ ਕੇ ਅਖੰਡ ਪਾਠ ਦੁਆਰਾ ਆਪਣਾ ਪਿੱਛਾ ਛੁਡਾਉਣ ਦਾ ਯਤਨ ਨਹੀਂ ਕੀਤਾ । ਹਰ ਸਿੱਖ ਨੂੰ ਇਸ ਪਰਿਵਾਰ ਤੋਂ ਸਿੱਖਿਆ ਲੈਣੀ ਚਾਹੀਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਆਪ ਕੀਤਾ ਜਾਵੇ ।**

(ਜੀਵਨ ਲਹਿਰ ਨਵੰਬਰ ੧੯੭੭ ਵਿੱਚੋਂ)

::



# ਬੀਬੀ ਪ੍ਰੀਤਇੰਦਰਜੀਤ ਕੌਰ ਦਾ ਅਨੰਦ ਕਾਰਜ

**ਜੋੜੀ ਨੂੰ ਅਸ਼ੀਰਵਾਦ ਭਗਤ ਪੂਰਨ ਸਿੰਘ ਜੀ ਬਾਨੀ ਪਿੰਗਲਵਾੜਾ ਨੇ ਦਿੱਤਾ**

ਸੰਗਰੂਰ ਵਿਖੇ ਸਵਰਗਵਾਸੀ ਡਾ: ਹਰਬੰਸ ਸਿੰਘ ਜੀ ਦੀ ਬੇਟੀ ਬੀਬੀ ਪ੍ਰੀਤਇੰਦਰਜੀਤ ਕੌਰ ਦਾ ਅਨੰਦ ਕਾਰਜ ੪ ਨਵੰਬਰ ਵਾਲੇ ਦਿਨ ਸ: ਹਰਜੀਤ ਸਿੰਘ ਨਾਲ ਪੂਰਨ ਗੁਰਮਰਯਾਦਾ ਨਾਲ ਹੋਇਆ ਤੇ ਬੀਬੀ ਨੇ ਅਨੰਦ ਕਾਰਜ ਵੇਲੇ ਘੁੰਡ ਨਹੀਂ ਕੱਢਿਆ। ਮਿਲਣੀ ਦੀ ਅਰਦਾਸ ਸ੍ਰੀਮਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕੀਤੀ ਤੇ ਮਿਲਣੀ ਦੀ ਰਸਮ ਭਗਤ ਪੂਰਨ ਸਿੰਘ ਜੀ ਨੇ ਅਦਾ ਕੀਤੀ। ਬੀਬੀ ਪ੍ਰੀਤ ਇੰਦਰਜੀਤ ਕੌਰ ਬੀ. ਐਸ. ਸੀ. ਐਲ. ਐਲ. ਬੀ. ਹੈ। ਬੀਬੀ ਨੇ ਆਪਣੇ ਵਿਆਹ ਤੋਂ ਪਹਿਲਾਂ ਹੇਠ ਲਿਖੀਆਂ ਸ਼ਰਤਾਂ ਸਹੁਰੇ ਘਰ ਤੋਂ ਮਨਾਈਆਂ ਸਨ ਤੇ ਸਹੁਰੇ ਘਰ ਵਾਲਿਆਂ ਨੇ ਵੀ ਇਹਨਾਂ ਸ਼ਰਤਾਂ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ । ਸ: ਹਰਜੀਤ ਸਿੰਘ ਵੀ ਐਮ. ਏ. ਪਾਸ ਹੈ ਤੇ ਬੈਂਕ ਵਿੱਚ ੧੫੦੦ ਰੁਪਏ ਮਾਹਵਾਰ ਤਨਖ਼ਾਹ ਲੈਂਦਾ ਹੈ।

ਬਰਾਤ ਨਾਲ ਬੈਂਡ ਵਾਜਾ ਨਹੀਂ ਲਿਆਂਦਾ ਜਾਏਗਾ। ਜੰਞ ਵਿੱਚ ਕੇਵਲ ਪੰਜ ਸੱਤ ਬੰਦੇ ਹੀ ਆਉਣ, ਇਸ ਤੋਂ ਵੱਧ ਨਹੀਂ। ਸਹੁਰੇ ਘਰ ਵਾਲੇ ਨਾ ਕੋਈ ਗਹਿਣਾ ਲਿਆਉਣ ਤੇ ਨਾ ਕੋਈ ਜ਼ਰੀ-ਗੋਟੇ ਵਾਲਾ ਜਾਂ ਮਹਿੰਗਾ ਰੇਸ਼ਮੀ ਕੱਪੜਾ । ਉਸ ਨੂੰ ਨੌਕਰੀ ਤੋਂ ਹਟਣ ਲਈ ਨਹੀਂ ਕਿਹਾ ਜਾਏਗਾ । ਪੇਕੇ ਘਰੋਂ ਦਾਜ ਵਿੱਚ ਗਹਿਣਾ, ਮੰਜਾ, ਪੀੜ੍ਹਾ, ਕੁਰਸੀ, ਰੇਡੀਓ, ਟੈਲੀਵਿਜ਼ਨ ਕੋਈ ਵੀ ਵਸਤ ਨਹੀਂ ਦਿੱਤੀ ਜਾਵੇਗੀ। ਉਹ ਸਰੀਰ ਦੇ ਕੱਪੜਿਆਂ ਨਾਲ ਹੀ ਪੇਕੇ ਘਰੋਂ ਸਹੁਰੇ ਘਰ ਤੁਰੇਗੀ । ਜਿੰਨੀ ਉੱਚੀ ਵਿਦਿਆ ਪੜ੍ਹੀ ਹੋਈ ਬੀਬੀ ਪ੍ਰੀਤਇੰਦਰਜੀਤ ਕੌਰ ਹੈ ਤੇ ਜਿੰਨੀ ਤਨਖ਼ਾਹ ਉਸ ਦੀ ਹੈ ਤੇ ਸਰਕਾਰੀ ਨੌਕਰੀ ਹੈ, ਉਸ ਅਨੁਸਾਰ ਡਾਕਟਰ ਬੀਬੀ ਇੰਦਰਜੀਤ ਕੌਰ ਨੇ ਭੈਣ ਲਈ ਕੋਈ ਅਮੀਰ ਘਰ ਲੱਭਣ ਦਾ ਯਤਨ ਨਹੀਂ ਕੀਤਾ, ਜਿਸ ਪਾਸ ਮੋਟਰਕਾਰਾਂ ਹੋਣ ਜਾਂ ਚੰਗੇ ਮਕਾਨ ਬੰਗਲੇ ਹੋਣ । ਉਸ ਨੇ ਨੇਕ ਘਰ ਤੇ ਨੇਕ ਲੜਕਾ ਲੱਭਣ ਦਾ ਯਤਨ ਕੀਤਾ ਜਿਹੜਾ ਖੁੱਲ੍ਹੀ ਦਾਹੜੀ ਵਾਲਾ ਪੂਰਨ ਗੁਰਸਿੱਖ ਨਜ਼ਰ ਆਉਂਦਾ ਹੋਵੇ। ਘਰ ਵਾਲਿਆਂ ਦੀ ਨੇਕੀ ਤੋਂ ਬਿਨਾਂ ਡਾਕਟਰ ਇੰਦਰਜੀਤ ਕੌਰ ਨੇ ਹੋਰ ਕਿਸੇ ਗੱਲ ਦਾ ਫ਼ਿਕਰ ਨਹੀਂ ਕੀਤਾ। ਮਕਾਨ ਤੇ ਕਾਰੋਬਾਰ ਸਭ ਗੱਲਾਂ ਮਾਮੂਲੀ ਸਮਝੀਆਂ। ਲੜਕੇ ਦੇ ਪਿਤਾ ਨੇ ਵੀ ਡਾਕਟਰ ਇੰਦਰਜੀਤ ਕੌਰ ਨੂੰ ਕਿਹਾ ਕਿ ਤੁਸੀਂ ਜਲਦੀ ਨਾ ਕਰਨੀ, ਸਾਡੇ ਬਾਰੇ ਪੂਰੀ ਪੜਤਾਲ ਕਰਕੇ ਸ਼ਗਨ ਦੇਣਾ ।

ਬੀਬੀ ਦੇ ਪੇਕਿਆਂ ਦੇ ਘਰ ਦੇ ਮੁਕਾਬਲੇ ਤੇ ਸਹੁਰਿਆਂ ਦਾ ਘਰ ਮਾਮੂਲੀ ਘਰ ਹੈ। ਵਿਆਹ ਦਾ ਦਿਨ ਮਿਥਣ ਲਈ ਜਦੋਂ ਬੀਬੀ ਦੀ ਭੈਣ ਡਾ: ਇੰਦਰਜੀਤ ਕੌਰ, ਬੀਬੀ ਦੇ ਸਹੁਰੇ ਘਰ ਗਈ ਤੇ ਬੀਬੀ ਲਈ ਸਾਦੇ ਕੱਪੜਿਆਂ ਬਾਰੇ ਗੱਲ ਕੀਤੀ ਤਾਂ ਬੀਬੀ ਦੇ ਸਹੁਰਿਆਂ ਨੇ ਕਿਹਾ ਕਿ ਤੁਸੀਂ ਆਪ ਹੀ ਕੱਪੜੇ ਪਸੰਦ ਕਰ ਲਉ। ਬੀਬੀ ਇੰਦਰਜੀਤ ਕੌਰ ਨੇ ਭੈਣ ਲਈ ਪੇਂਡੂ ਪਹਿਰਾਵੇ ਵਾਲੇ ਤਿੰਨ ਕੱਪੜੇ ਕਮੀਜ਼, ਸਲਵਾਰ ਤੇ ਚੁੰਨੀ ਮਾਮੂਲੀ ਮੁੱਲ ਦੇ ਪਸੰਦ ਕੀਤੇ ਤੇ ਉਹ ਤਿੰਨ ਕੱਪੜੇ ਬੀਬੀ ਨੇ ਅਨੰਦ ਕਾਰਜ ਸਮੇਂ ਪਹਿਨੇ। ਅਨੰਦ ਕਾਰਜ ਪਿੱਛੋਂ ਬੀਬੀ ਜਿਹੜੇ ਦੋ ਸੂਟ ਲੈ ਕੇ ਪੇਕੇ ਘਰੋਂ ਤੁਰੀ ਉਨ੍ਹਾਂ ਵਿੱਚੋਂ ਦੋ ਸੂਟ ਧੋਬੀ ਦੇ ਧੋਤੇ ਹੋਏ ਉਸ ਦੇ ਪਹਿਨਣ ਵਾਲੇ ਕੱਪੜੇ ਸਨ। ਉਹ ਨਵੇਂ ਸੂਟ ਨਹੀਂ ਸਨ । ਇਹਨਾਂ ਕੱਪੜਿਆਂ ਨੂੰ ਦੇਖ ਕੇ ਪਤਾ ਲੱਗਦਾ ਸੀ ਕਿ ਬੀਬੀ ਦੇ ਪੇਕੇ ਵੀ ਮਾਮੂਲੀ ਹੈਸੀਅਤ ਦੇ ਹਨ ਤੇ ਸਹੁਰੇ ਵੀ । ਬੀਬੀ ਦੀ ਵਿਦਾਇਗੀ ਤੋਂ ਪਹਿਲਾਂ ਬੀਬੀ ਦੀ ਭਰਜਾਈ ਨੇ ਬੀਬੀ ਨੂੰ ੪੦੦੦ ਰੁਪਏ ਦੇ ਗਹਿਣੇ ਲੈਣ ਲਈ ਜ਼ੋਰ ਲਾਇਆ, ਪਰ ਬੀਬੀ ਨੇ ਇਕ ਨਾ ਸੁਣੀ । ਸਹੁਰਿਆਂ ਵੱਲੋਂ ਸਗਾਈ ਦੇ ਸਮੇਂ ਬੀਬੀ ਨੂੰ ਇਕ ਮੁੰਦਰੀ ਮਿਲੀ ਸੀ, ਉਸ ਨੇ ਕੇਵਲ ਇਕ ਘੰਟਾ ਪਹਿਨ ਕੇ ਲਾਹ ਦਿੱਤੀ ਸੀ ਤੇ ਮੁੜ ਕੇ ਉਸ ਵੱਲ ਨਹੀਂ ਤੱਕਿਆ। ਜਿਸ ਜੰਞ-ਘਰ ਵਿੱਚ ਬੀਬੀ ਦਾ ਅਨੰਦ ਕਾਰਜ ਹੋਇਆ ਉਹ ਪੇਕੇ ਘਰੋਂ ਇਕ ਕਿਲੋਮੀਟਰ ਦੂਰ ਹੈ। ਅਨੰਦ ਕਾਰਜ ਪਿੱਛੋਂ ਜਦੋਂ ਬੀਬੀ ਇਕ ਸਹੇਲੀ ਨਾਲ ਤੁਰਨ ਲੱਗੀ ਤਾਂ ਉਸ ਵੇਲੇ ਭਗਤ ਪੂਰਨ ਸਿੰਘ ਨੇ ਬੀਬੀ ਨਾਲ ਤੁਰ ਕੇ ਘਰ ਆਉਣਾ ਸੀ। ਘਰ ਨੂੰ ਤੁਰਨ ਲੱਗਿਆਂ ਭਗਤ ਜੀ ਨੇ ਕਿਹਾ ਕਿ ਮੈਂ ਪਿੰਗਲਵਾੜੇ ਦੇ ਦੋ ਸੇਵਾਦਾਰਾਂ ਨੂੰ ਨਾਲ ਤੁਰਨ ਲਈ ਬੁਲਾ ਲਵਾਂ; ਕਿਉਂਕਿ ਸੜਕ ਤੋਂ ਇੱਟ, ਗੋਬਰ, ਸ਼ੀਸ਼ਾ, ਖੁਰੀ, ਮੇਖ, ਕੇਲੇ ਦਾ ਛਿਲਕਾ ਆਦਿ ਅਨੇਕਾਂ ਵਸਤਾਂ ਚੁੱਕਣੀਆਂ ਪੈਂਦੀਆਂ ਹਨ। ਬੀਬੀ ਪ੍ਰੀਤ ਨੇ ਕਿਹਾ ਕਿ ਮੈਂ ਰੋੜੇ ਚੁੱਕਦੀ ਚਲਾਂਗੀ, ਸੇਵਾਦਾਰ ਕਿਸ ਲਈ ਬੁਲਾਉਣੇ ਹਨ। ਭਗਤ ਜੀ ਨੇ ਕਿਹਾ ਕਿ ਅੱਜ ਤੇਰਾ ਅਨੰਦ ਕਾਰਜ ਹੋਇਆ ਹੈ, ਅੱਜ ਮੈਂ ਤੈਨੂੰ ਰੋੜੇ ਚੁੱਕਣ ਦੀ ਛੋਟ ਦੇ ਦੇਂਦਾ ਹਾਂ। ਬੀਬੀ ਭਾਵੇਂ ਸਰਕਾਰੀ ਵਕੀਲ ਹੈ ਪਰ ਫਿਰ ਵੀ ਫੇਰਿਆਂ ਦੀ ਬੇਦੀ 'ਤੇ ਬੈਠਦਿਆਂ ਹੀ ਉਹ ਰੋਣ ਲੱਗ ਪਈ ਤੇ ਬਾਲਾਂ ਵਾਂਗ ਗਲੇਡੂ ਕੱਢਦੀ ਹੋਈ ਬੁਸ ਬੁਸ ਕਰਦੀ ਰੋਂਦੀ ਰਹੀ । ਤੀਜੇ ਤੇ ਚੌਥੇ ਫੇਰੇ ਤੇ ਰੋ ਰਹੀ ਬੀਬੀ ਦਾ ਮਨ ਵਧੇਰੇ ਉਦਰੇਵੇਂ ਵਿੱਚ ਆ ਗਿਆ ਤੇ ਧਰਤੀ 'ਤੇ ਟਿਕ ਰਹੇ ਪੈਰਾਂ ਦੀ ਚਾਲ ਥਿੜਕਦੀ ਦੇਖ ਕੇ ਬੀਬੀ ਦੀ ਵੱਡੀ ਭੈਣ ਡਾਕਟਰ ਇੰਦਰਜੀਤ ਕੌਰ ਨੇ ਉਸ ਨੂੰ ਪਕੜ ਕੇ ਫੇਰੇ ਦੁਆਏ। ਜਦ ਬੀਬੀ ਫੇਰਿਆਂ 'ਤੇ ਬੈਠੀ



ਰੋਣ ਲੱਗੀ ਤਾਂ ਭਗਤ ਪੂਰਨ ਸਿੰਘ ਵੀ ਰੋਣ ਲੱਗ ਪਿਆ ਤੇ ਉਸ ਦੇ ਪਿਤਾ ਦੇ ਮਿੱਤਰ ਤੇ ਸ਼ਰਧਾਲੂ ਹੋਰ ਵੀ ਕਈ ਰੋਣ ਲੱਗ ਪਏ। ਅਨੇਕਾਂ ਬੰਦਿਆਂ ਦੇ ਰੋਣ ਦਾ ਦ੍ਰਿਸ਼ ਇਹ ਬੜਾ ਅਜੀਬ ਦ੍ਰਿਸ਼ ਸੀ। ਲਾਵਾਂ ਸਮੇਂ ਸੁਭਾਗ ਜੋੜੀ ਨੂੰ ਅਸ਼ੀਰਵਾਦ ਤੇ ਸਿੱਖਿਆ ਵੀ ਭਗਤ ਪੂਰਨ ਸਿੰਘ ਨੇ ਦੇਣੀ ਸੀ। ਭਗਤ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਲਾਵਾਂ ਦੀ ਬਾਣੀ ਦੇ ਚਾਨਣੇ ਵਿੱਚ ਜੋੜੀ ਨੂੰ ਅਸ਼ੀਰਵਾਦ ਤੇ ਸਿੱਖਿਆ ਦਿੱਤੀ । ਵਿਖਿਆਨ ਦਿੰਦਿਆਂ ਵੀ ਭਗਤ ਜੀ ਨੂੰ ਵੈਰਾਗ ਦਾ ਰੋਣਾ ਆ ਗਿਆ ਤੇ ਰੋਂਦਿਆਂ ਹੀ ਉਸ ਨੇ ਆਪਣੀ ਸਿੱਖਿਆ ਤੇ ਅਸ਼ੀਰਵਾਦ ਸਮਾਪਤ ਕੀਤੀ। ਵਿਆਹ ਤੋਂ ਇਕ ਦਿਨ ਪਹਿਲਾਂ ਬੀਬੀ ਆਪਣੇ ਛੋਟੇ ਭਰਾ ਨਾਲ ਜੱਫੀਆਂ ਪਾ ਕੇ ਰੋਂਦੀ ਰਹੀ ।

ਬੀਬੀ ਦੇ ਪਿਤਾ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹੋਰ ਪੁਸਤਕਾਂ ਪੜ੍ਹਨ ਦੇ ਧਨੀ ਸਨ । ਉਹ ਆਪਣੀਆਂ ਧੀਆਂ ਨੂੰ ਆਪਣੇ ਪਾਸ ਬਿਠਾ ਕੇ ਗੁਰਮਤਿ ਦੀਆਂ ਪੁਸਤਕਾਂ ਪੜ੍ਹਾਇਆ ਕਰਦੇ ਸਨ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਹੋਏ ਉਹ ਰੋਣ ਲੱਗ ਪੈਂਦੇ ਸਨ। ਬੀਬੀਆਂ ਨੂੰ ਉਹ ਭਾਈ ਵੀਰ ਸਿੰਘ ਦੇ ਗ੍ਰੰਥ ਪੜ੍ਹਾਇਆ ਕਰਦੇ ਸਨ ਤੇ ਬਾਬਾ ਨੌਧ ਸਿੰਘ ਦੀ ਪੁਸਤਕ ਉਨ੍ਹਾਂ ਨੇ ਡਾ: ਇੰਦਰਜੀਤ ਕੌਰ ਨੂੰ ਖ਼ਾਸ ਤੌਰ 'ਤੇ ਪੜ੍ਹਾਈ ਸੀ। ਗੁਰਮਤਿ ਤੋਂ ਉਪਜੇ ਵੈਰਾਗ ਨਾਲ ਰੋਣ ਵਾਲੇ ਪਿਤਾ ਦੀਆਂ ਧੀਆਂ ਦਾ ਇਹ ਹਾਲ ਹੈ ਕਿ ਤਿੰਨ ਕੁ ਸਾਲ ਪਹਿਲਾਂ ਵਿਆਹ ਵਾਲੀ ਬੀਬੀ ਪ੍ਰੀਤ, ਉਸ ਦੀ ਵੱਡੀ ਭੈਣ ਡਾ: ਇੰਦਰਜੀਤ ਕੌਰ ਤੇ ਉਸ ਦੀ ਛੋਟੀ ਭੈਣ ਅਮਰਪਾਲ ਕੌਰ ਭਗਤ ਪੂਰਨ ਸਿੰਘ ਨਾਲ ਤਿੰਨ ਜਣੀਆਂ ਪਿੰਗਲਵਾੜੇ ਤੋਂ ਸ੍ਰੀ ਦਰਬਾਰ ਸਾਹਿਬ ਨੂੰ ਟਾਂਗੇ 'ਤੇ ਗਈਆਂ। ਜਦੋਂ ਇਹ ਸਾਰੇ ਮੱਥਾ ਟੇਕ ਕੇ ਸ੍ਰੀ ਦਰਬਾਰ ਸਾਹਿਬ ਤੋਂ ਪਿੰਗਲਵਾੜੇ ਮੁੜਨ ਲੱਗੇ ਤਾਂ ਭਗਤ ਜੀ ਨੇ ਡਾਕਟਰ ਇੰਦਰਜੀਤ ਕੌਰ ਨੂੰ ਪੁੱਛਿਆ ਕਿ ਆਪਾਂ ਪਿੰਗਲਵਾੜੇ ਨੂੰ ਟਾਂਗੇ 'ਤੇ ਚੱਲੀਏ ਜਾਂ ਪੈਦਲ, ਤਾਂ ਬੀਬੀ ਇੰਦਰਜੀਤ ਕੌਰ ਨੇ ਕਿਹਾ ਕਿ ਪੈਦਲ ਹੀ ਚੱਲਦੇ ਹਾਂ। ਪਿੰਗਲਵਾੜਾ ਦਰਬਾਰ ਸਾਹਿਬ ਤੋਂ ੨ ਕਿਲੋਮੀਟਰ ਦੀ ਦੂਰੀ 'ਤੇ ਹੈ। ਉਸ ਦਿਨ ਭਗਤ ਜੀ ਨਾਲ ਕੋਈ ਸੇਵਾਦਾਰ ਨਹੀਂ ਸੀ, ਕੇਵਲ ਤਿੰਨੇ ਭੈਣਾਂ ਹੀ ਸਨ ਤਾਂ ਭਗਤ ਜੀ ਦੇ ਪੈਦਲ ਤੁਰਨ ਦੇ ਕਾਰਨ ਸੜਕ ਤਾਂ ਸਾਫ਼ ਹੋਣੀ ਹੀ ਸੀ। ਤਿੰਨੇ ਬੀਬੀਆਂ ਤੇ ਭਗਤ ਜੀ ਚੌਹਾਂ ਦਾ ਟੋਲਾ ਪੈਦਲ ਪਿੰਗਲਵਾੜੇ ਨੂੰ ਤੁਰ ਪਿਆ। ਇਹ ਚਾਰੇ ਜਣੇ ਰਸਤੇ ਵਿੱਚੋਂ ਰੋੜਾ, ਇੱਟ, ਖੁਰੀ, ਮੇਖ਼, ਕੇਲੇ ਦੇ ਛਿਲਕੇ ਆਦਿ ਵਸਤਾਂ ਚੁੱਕਦੇ ਰਹੇ ਤੇ ਤਿੰਨੇ ਬੀਬੀਆਂ ਅੱਖਾਂ ਨੀਵੀਆਂ ਕਰਕੇ ਇਹ ਸਭ ਚੀਜ਼ਾਂ ਰਾਹ ਵਿੱਚੋਂ ਚੁੱਕ ਕੇ ਇਕ ਪਾਸੇ ਕਰਦੀਆਂ ਗਈਆਂ । ਭਗਤ ਜੀ ਨੂੰ ਸ਼ਹਿਰ ਦਾ

ਬੱਚਾ ਬੱਚਾ ਜਾਣਦਾ ਹੈ। ਚਾਰਾਂ ਜਣਿਆਂ ਦੇ ਰੋੜੇ ਚੁੱਕਦੇ ਜਾ ਰਹੇ ਇਸ ਜਲੂਸ ਨੂੰ ਸ਼ਹਿਰ ਦੇ ਬੰਦੇ ਸਾਰਾ ਰਾਹ ਹੈਰਾਨੀ ਨਾਲ ਦੇਖਦੇ ਰਹੇ।

ਭਗਤ ਪੂਰਨ ਸਿੰਘ ਨੇ ਲਾਵਾਂ ਦੀ ਸਿੱਖਿਆ ਦਿੰਦਿਆਂ ਹੋਇਆਂ ਕੁੜੀ ਦੇ ਸਹੁਰਿਆਂ ਨੂੰ ਕਿਹਾ ਕਿ ਅਸੀਂ ਤੁਹਾਨੂੰ ਉਹ ਦਾਜ ਦੇ ਰਹੇ ਹਾਂ, ਜੋ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਧੀ ਦੇ ਰੂਪ ਵਿੱਚ ਆਪਣੇ ਪੇਕਿਆਂ ਤੋਂ ਮੰਗਿਆ ਸੀ–

**ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥**
**ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥**
**ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ॥**
**ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ॥**
**ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ॥**
**ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥੪॥**

(ਅੰਗ ੭੯)

ਭਗਤ ਜੀ ਨੇ ਕਿਹਾ ਕਿ ਅਸੀਂ ਤੁਹਾਨੂੰ ਦਾਜ ਵਿੱਚ ਕੁਝ ਨਹੀਂ ਦੇ ਰਹੇ, ਕੋਈ ਗਹਿਣਾ-ਗੱਟਾ, ਕੱਪੜੇ, ਮੰਜਾ, ਬਿਸਤਰਾ, ਸਕੂਟਰ, ਟਰੱਕ, ਘੜੀ, ਭਾਂਡਾ ਤੇ ਇੱਥੋਂ ਤਕ ਕਿ ਕੋਈ ਦਸ ਰੁਪਏ ਦੀ ਚੀਜ਼ ਵੀ ਨਹੀਂ ਦੇ ਰਹੇ, ਕਿਉਂਕਿ ਇਨ੍ਹਾਂ ਚੀਜ਼ਾਂ ਨੂੰ ਇਕੱਠੇ ਕਰਨ ਲੱਗੇ ਲੋਕਾਂ ਨੂੰ ਝੂਠ ਬੋਲਣਾ, ਘੱਟ ਤੋਲਣਾ, ਰਿਸ਼ਵਤ ਲੈਣਾ, ਚੋਰ-ਬਾਜ਼ਾਰੀ ਆਦਿ ਅਨੇਕ ਪਾਪ ਕਰਨੇ ਪੈਂਦੇ ਹਨ। ਪਰ ਹੁਣ ਤਾਂ ਹਵਾ-ਪਾਣੀ ਏਨੇ ਜ਼ਹਿਰੀਲੇ ਹੋ ਰਹੇ ਹਨ ਕਿ ਲੋਕਾਂ ਨੂੰ ਕਾਰਖ਼ਾਨਿਆਂ ਦੀਆਂ ਬਣਾਈਆਂ ਹੋਈਆਂ ਅਨੇਕਾਂ ਵਸਤਾਂ ਨੂੰ ਤਿਆਗਣਾ ਪਵੇਗਾ । ਲੋਹੇ ਜੈਸੀਆਂ ਅਨੇਕਾਂ ਵਸਤਾਂ ਦੇ ਭੰਡਾਰ ਧਰਤੀ 'ਚੋਂ ਮੁੱਕ ਰਹੇ ਹਨ। ਛੋਟੇ ਤੋਂ ਛੋਟੇ ਮਕਾਨ 'ਚ ਰਹਿਣਾ ਚਾਹੀਦਾ ਹੈ ਤਾਂ ਜੋ ਵਧ ਰਹੀ ਆਬਾਦੀ ਲਈ ਅਨਾਜ ਪੈਦਾ ਹੋਵੇ ਤੇ ਪਸ਼ੂਆਂ ਲਈ ਘਾਹ।

ਅਸੀਂ ਤੁਹਾਨੂੰ ਇਹ ਸਿੱਖਿਆ ਦੇ ਰਹੇ ਹਾਂ ਕਿ ਤੁਸੀਂ ਨਾਮ ਜੱਪਣਾ, ਬਾਣੀ ਪੜ੍ਹਨਾ, ਧਰਮ ਗ੍ਰੰਥਾਂ ਨੂੰ ਪੜ੍ਹ ਕੇ ਮਨੁੱਖੀ ਕਰਤੱਵ ਪਛਾਣਨਾ ।

(ਜੀਵਨ ਲਹਿਰ ਜਨਵਰੀ ੧੯੯੦ 'ਚੋਂ)

::



# ਭਗਤ ਪੂਰਨ ਸਿੰਘ ਜੀ ਦੀ ਪ੍ਰਚਾਰ ਫੇਰੀ

ਭਗਤ ਪੂਰਨ ਸਿੰਘ ਨੂੰ ਮਲੋਟ ਕਸਬੇ ਦੀਆਂ ਗੁਰੂ ਘਰ ਦੀਆਂ ਸੰਗਤਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੇ ਅਵਸਰ ਉੱਤੇ ਵਿਖਿਆਨ ਦੇਣ ਲਈ ਬੁਲਾਇਆ ਸੀ । ਇਸ ਸੰਬੰਧ ਵਿੱਚ ਭਗਤ ਜੀ ੪ ਜਨਵਰੀ ਤੋਂ ਲੈ ਕੇ ੧੦ ਜਨਵਰੀ ਤਕ ਸੱਤ ਦਿਨ ਮਲੋਟ ਰਹੇ । ਇਨ੍ਹਾਂ ਦਿਨਾਂ ਵਿੱਚ ਭਗਤ ਜੀ ਨੇ ਹੇਠ ਲਿਖੇ ਥਾਵਾਂ 'ਤੇ ਵਿਖਿਆਨ ਦਿੱਤੇ :-

੧. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੇ ਸੰਬੰਧ ਵਿੱਚ ਮਲੋਟ ਦੀ ਜਨਤਾ ਦੀ ਸਾਂਝੀ ਇਕੱਤਰਤਾ ਵਿੱਚ ਵਿਖਿਆਨ ।
੨. ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਵਿੱਚ ਸ਼ਾਮ ਦੇ ਵੇਲੇ ਵਿਖਿਆਨ ।
੩. ਗੌਰਮਿੰਟ ਹਾਇਰ ਸੈਕੰਡਰੀ ਸਕੂਲ (ਮੁੰਡਿਆਂ) ਵਿੱਚ ਵਿਖਿਆਨ ।
੪. ਗੌਰਮਿੰਟ ਹਾਇਰ ਸੈਕੰਡਰੀ ਸਕੂਲ (ਕੁੜੀਆਂ) ਵਿੱਚ ਵਿਖਿਆਨ ।
੫. ਗੁਰੂ ਤੇਗ਼ ਬਾਹਦਰ ਖਾਲਸਾ ਹਾਈ ਸਕੂਲ ਵਿੱਚ ਵਿਖਿਆਨ ।
੬. ਡੀ. ਏ. ਵੀ. ਕਾਲਜ (ਮੁੰਡਿਆਂ) ਵਿੱਚ ਵਿਖਿਆਨ ।

ਇਨ੍ਹਾਂ ਵਿਖਿਆਨਾਂ ਵਿੱਚ ਭਗਤ ਜੀ ਨੇ ਉਸ ਇਲਾਕੇ ਦੇ ਬੰਦਿਆਂ ਤੇ ਖ਼ਾਸ ਤੌਰ 'ਤੇ ਵਿਦਿਆਰਥੀਆਂ ਨੂੰ ਹੇਠ ਲਿਖੀਆਂ ਗੱਲਾਂ 'ਤੇ ਖ਼ਾਸ ਤੌਰ 'ਤੇ ਜ਼ੋਰ ਦਿੱਤਾ ਕਿ ਪਹਾੜਾਂ ਵਿੱਚ ਰੁੱਖਾਂ ਨਾਲ ਧਰਤੀ ਦਾ ਸੌ ਹਿੱਸੇ ਵਿੱਚੋਂ ੬੬ ਹਿੱਸੇ ਰਕਬਾ ਕੱਜਿਆ ਹੋਣਾ ਚਾਹੀਦਾ ਹੈ । ਭਾਰਤ ਦੇ ਪਹਾੜਾਂ ਵਿੱਚ ਇਹ ਰਕਬਾ ਬਹੁਤ ਥੋੜ੍ਹਾ ਹੈ; ਇਸ ਲਈ ਲੋੜੀਂਦੀ ਗਿਣਤੀ ਅਨੁਸਾਰ ਪਹਾੜਾਂ ਉੱਤੇ ਰੁੱਖਾਂ ਦੇ ਨਾ ਹੋਣ ਕਾਰਨ ਪਹਾੜਾਂ ਦੀ ਮਿੱਟੀ ਖੁਰ-ਖੁਰ ਕੇ ਹੇਠਾਂ ਨੂੰ ਆ ਰਹੀ ਹੈ, ਜਿਸ ਨਾਲ ਭਾਖੜਾ ਡੈਮ ਵਰਗੇ ਪਾਣੀ ਦੇ ਜ਼ਖੀਰੇ ਬਹੁਤ ਛੇਤੀ ਗਾਰ ਨਾਲ ਭਰ ਰਹੇ ਹਨ । ਮੈਦਾਨਾਂ ਵਿੱਚ ਦਰਿਆਵਾਂ ਦਾ ਪਾਟ ਉੱਚਾ ਹੋਣ ਨਾਲ ਮੈਦਾਨਾਂ ਵਿੱਚ ਹੜ੍ਹ ਆ ਰਹੇ ਹਨ ਜਿਨ੍ਹਾਂ ਨਾਲ ਜਨਤਾ ਦੇ ਮਾਲ ਤੇ ਜਾਨ ਦੀ ਹਰ ਸਾਲ ਭਾਰੀ ਤਬਾਹੀ ਹੁੰਦੀ ਰਹਿੰਦੀ ਹੈ।

ਮੈਦਾਨਾਂ ਵਿੱਚ ਰੁੱਖਾਂ ਨਾਲ ਧਰਤੀ ਦਾ ੧੦੦ ਹਿੱਸੇ ਵਿੱਚੋਂ ੨੦ ਹਿੱਸੇ ਰਕਬਾ ਕੱਜਿਆ ਹੋਣਾ ਚਾਹੀਦਾ ਹੈ; ਪਰ ਪੰਜਾਬ ਵਿੱਚ ੧੦੦ ਵਿੱਚੋਂ ਕੇਵਲ

ਚਾਰ ਹਿੱਸੇ ਰਕਬਾ ਹੀ ਰੁੱਖਾਂ ਨਾਲ ਕੱਜਿਆ ਹੋਇਆ ਹੈ । ਤੁਹਾਡੇ ਬਠਿੰਡੇ ਦੇ ਇਲਾਕੇ ਵਿੱਚ ਇਹ ਰਕਬਾ ਸੌ ਹਿੱਸੇ ਵਿੱਚੋਂ ਇਕ ਹਿੱਸਾ ਕੱਜਿਆ ਹੋਇਆ ਹੈ। ਧਰਤੀ ਦੇ ਜਿਸ ਉਤਲੇ ਹਿੱਸੇ ਵਿੱਚ ਅੰਨ ਪੈਦਾ ਹੁੰਦਾ ਹੈ ਉਹ ਕੇਵਲ ੮-੧੦ ਇੰਚ ਹੀ ਬਾਰੀਕ ਮਿੱਟੀ ਹੁੰਦੀ ਹੈ ਤੇ ਉਹ ਬਾਰੀਕ ਮਿੱਟੀ ਲੱਖਾਂ ਸਾਲਾਂ ਵਿੱਚ ਪੱਥਰਾਂ ਤੋਂ ਬਣੀ ਹੁੰਦੀ ਹੈ, ਜਿਸ ਵਿੱਚ ਅਨੇਕ ਜੀਵ-ਜੰਤੂ ਹੁੰਦੇ ਹਨ। ਜੇ ਮੈਦਾਨਾਂ ਵਿੱਚ ਧਰਤੀ ਦਾ ੧੦੦ ਹਿੱਸੇ ਵਿੱਚੋਂ ੨੧ ਪ੍ਰਤੀਸ਼ਤ ਹਿੱਸਾ ਰੁੱਖਾਂ ਨਾਲ ਕੱਜਿਆ ਨਾ ਹੋਵੇ ਤਾਂ ਉਸ ਦੀ ੮-੧੦ ਇੰਚ ਬਾਰੀਕ ਮਿੱਟੀ ਨੂੰ ਹਨੇਰੀਆਂ ਉਡਾ ਕੇ ਹਜ਼ਾਰਾਂ ਮੀਲਾਂ ਦੀ ਦੂਰੀ ’ਤੇ ਲੈ ਜਾ ਕੇ ਸੁੱਟ ਦਿੱਤਾ ਕਰਦੀਆਂ ਹਨ ਤੇ ਉਸ ਬਾਰੀਕ ਮਿੱਟੀ ਦੇ ਉੱਡ ਜਾਣ ਪਿੱਛੋਂ ਮੋਟੀ ਮਿੱਟੀ ਰਹਿ ਜਾਇਆ ਕਰਦੀ ਹੈ ਜਿਸ ਵਿੱਚ ਕੁਝ ਵੀ ਪੈਦਾ ਨਹੀਂ ਹੋ ਸਕਿਆ ਕਰਦਾ । ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਆਪਣੇ ਮਾਂ ਬਾਪ ਨੂੰ ਇਸ ਖ਼ਤਰੇ ਤੋਂ ਜਾਣੂ ਕਰਾ ਦਿਓ ।

ਭਗਤ ਜੀ ਨੇ ਇਹ ਗੱਲ ਵੀ ਆਪਣੇ ਵਿਖਿਆਨਾਂ ਵਿੱਚ ਦੱਸੀ ਕਿ ਰਾਜਸਥਾਨ ਦਾ ਰੇਤ ਦਾ ਮਾਰੂਥਲ ਲੱਖਾਂ ਸਾਲਾਂ ਤੋਂ ਆਪਣੀ ਇਕ ਥਾਂ ’ਤੇ ਟਿਕਿਆ ਹੋਇਆ ਸੀ ਪਰ ਹੁਣ ਉਹ ੮ ਕਿਲੋਮੀਟਰ ਹਰ ਸਾਲ ਤੁਹਾਡੇ ਵੱਲ ਨੂੰ ਤੁਰਿਆ ਆ ਰਿਹਾ ਹੈ। ਇਸ ਤਰ੍ਹਾਂ ਸਾਡੀ ਉਪਜਾਊ ਧਰਤੀ ਰੇਤੇ ਨਾਲ ਕੱਜੀ ਜਾ ਰਹੀ ਹੈ। ਜਿਉਂ-ਜਿਉਂ ਉਹ ਮਾਰੂਥਲ ਅੱਗੇ ਵਧਦਾ ਆ ਰਿਹਾ ਹੈ ਤੇ ਜਿਸ ਜਿਸ ਧਰਤੀ ’ਤੇ ਫੈਲਦਾ ਆ ਰਿਹਾ ਹੈ ਉਹ ਅੰਨ ਪੈਦਾ ਕਰਨ ਜੋਗੀ ਨਹੀਂ ਰਹਿ ਜਾਂਦੀ ।

ਭਗਤ ਜੀ ਨੇ ਬੱਚਿਆਂ ਨੂੰ ਕਿਹਾ ਕਿ ਉਹ ਆਪਣੇ ਇਲਾਕੇ ਵਿੱਚ ਵੱਧ ਤੋਂ ਵੱਧ ਰੁੱਖ ਲਾਉਣ । ਤੁਹਾਡੇ ਇਲਾਕੇ ਵੱਲ ਨੂੰ ਆ ਰਹੇ ਮਾਰੂਥਲ ਨੂੰ ਜੇਕਰ ਰੋਕਿਆ ਜਾ ਸਕਦਾ ਹੈ ਤਾਂ ਇਕੋ ਢੰਗ ਨਾਲ—ਉਹ ਢੰਗ ਹੈ ਅੱਧ ਮੀਲ ਚੌੜੀ ਰੁੱਖਾਂ ਦੀ ਵਾੜ । ਵਾੜ ਬਾਰੇ ਮੈਂ ਨਹੀਂ ਕਹਿ ਸਕਦਾ ਕਿ ਉਹ ਵਾੜ ੫੦ ਮੀਲ ਦੀ ਹੋਵੇਗੀ ਜਾਂ ੧੦੦ ਮੀਲ ਦੀ । ਲੁਧਿਆਣਾ ਦੇ ਕਸਬਾ ਦੋਰਾਹਾ ਦੇ ਲਾਗੇ ਇਕ ਪਿੰਡ ਵਿੱਚ ਅੱਜ ਤੋਂ ਚਾਰ ਕੁ ਸਾਲ ਪਹਿਲਾਂ ਰੁੱਖਾਂ ਦੀ ਘਾਟ ਦੇ ਕਾਰਨ ਇਕ ਹਨੇਰੀ ਆਈ ਸੀ । ਉਸ ਹਨੇਰੀ ਨਾਲ ਮਕਾਨਾਂ ਦੀਆਂ ਛੱਤਾਂ ਵੀ ਉੱਡ ਗਈਆਂ ਸਨ ਤੇ ਕੰਧਾਂ ਵੀ ਢਹਿ ਗਈਆਂ ਸਨ । ਉਸ ਹਨੇਰੀ ਨਾਲ ਉਸ ਪਿੰਡ ਦੇ ਕਈ ਬੰਦੇ ਮਰੇ ਸਨ ।



ਭਗਤ ਜੀ ਨੇ ਕਿਹਾ ਕਿ ਰੁੱਖਾਂ ਦਾ ਲਾਉਣਾ ਇਸ ਲਈ ਵੀ ਜ਼ਰੂਰੀ ਹੈ ਕਿ ਅਸੀਂ ਗੋਬਰ ਨਾ ਬਾਲੀਏ, ਕਿਉਂਕਿ ਗੋਬਰ, ਟੱਟੀ, ਡੰਗਰਾਂ ਦੇ ਵਾੜਿਆਂ ਦੇ ਕੂੜੇ ਦੇ ਬਿਨਾਂ, ਖੇਤ ਆਪਣੀ ਉਪਜਾਊ-ਸ਼ਕਤੀ ਨੂੰ ਕਾਇਮ ਨਹੀਂ ਰੱਖ ਸਕਦੇ। ਭਾਰਤ ਵਿੱਚ ਘਰ-ਘਰ ਗੋਬਰ ਦੇ ਜਲਣ ਨਾਲ ਸਾਡੀ ਧਰਤੀ ਨੂੰ ਰੂੜੀ ਦੀ ਖਾਦ ਘੱਟ ਮਿਲ ਰਹੀ ਹੈ । ਮੈਦਾਨਾਂ ਵਿੱਚ ਰੁੱਖਾਂ ਦੇ ਵਧੇਰੀ ਗਿਣਤੀ ਵਿੱਚ ਲੱਗ ਜਾਣ ਦੇ ਨਾਲ ਹਿਮਾਲਾ ਪਰਬਤ ਵਿੱਚੋਂ ਰੁੱਖਾਂ ਦੀ ਕਟਾਈ ਘਟ ਜਾਏਗੀ ਤੇ ਉਹ ਮੂਲੋਂ ਬਰਬਾਦ ਹੋਣ ਤੋਂ ਬਚ ਜਾਵੇਗਾ; ਜਿਵੇਂ ਕਿ ਉਸ ਦੀ ਬਰਬਾਦੀ ਦਿਨੋ-ਦਿਨ ਵਧਦੀ ਜਾ ਰਹੀ ਹੈ। ਹਿਮਾਲੀਆ ਪਰਬਤ ਵਿੱਚ ਰੁੱਖਾਂ ਦੀ ਵਢਾਈ ਨਾਲ ਚਸ਼ਮੇ ਬੰਦ ਹੋ ਰਹੇ ਹਨ ਤੇ ਪਾਣੀ ਨਾ ਮਿਲਣ ਦੇ ਕਾਰਨ ਹਿਮਾਲਾ ਦੀ ਆਬਾਦੀ ਉੱਜੜ ਕੇ ਦਿੱਲੀ ਵਰਗੇ ਸ਼ਹਿਰਾਂ ਨੂੰ ਰੁਜ਼ਗਾਰ ਲਈ ਆ ਰਹੀ ਹੈ। ਹਿਮਾਲਾ ਵਿੱਚ ਰੁੱਖਾਂ ਦੀ ਵਢਾਈ ਨਾਲ ਸਾਰੇ (ਦੱਖਣ, ਪੂਰਬ) ਏਸ਼ੀਆ ਦੇ ਦੇਸ਼ਾਂ ਦੇ ਵਾਤਾਵਰਣ ਨੂੰ ਖ਼ਤਰਾ ਪੈਦਾ ਹੋ ਜਾਵੇਗਾ ਤੇ ਇਹ ਸੰਸਾਰ ਦਾ ਭਾਰਾ ਦੁਖਾਂਤ ਹੋਵੇਗਾ ।

ਦੇਸ਼ ਵਿੱਚ ਕਾਗ਼ਜ਼ ਦੇ ਲਿਫ਼ਾਫ਼ਿਆਂ ਦੀ ਵਰਤੋਂ ਅਜਾਈਂ ਹੋ ਰਹੀ ਹੈ। ਕਾਗ਼ਜ਼ ਵੀ ਰੁੱਖਾਂ ਤੋਂ ਬਣਦਾ ਹੈ । ਇਸ ਲਈ ਜਦੋਂ ਕੋਈ ਸੌਦਾ ਬਾਜ਼ਾਰੋਂ ਲਵੋ ਉਸ ਨੂੰ ਕਦੇ ਲਿਫ਼ਾਫ਼ੇ ਵਿੱਚ ਨਾ ਲਵੋ, ਜੇਬ ਵਿੱਚ ਪਾਵੋ, ਝੋਲੇ ਵਿੱਚ ਲਿਆਓ ਜਾਂ ਭਾਂਡੇ ਵਿੱਚ ਲਿਆਓ, ਟੋਕਰੀ ਵਿੱਚ ਲਿਆਉ; ਕਿਸੇ ਤਰ੍ਹਾਂ ਵੀ ਲਿਆਓ ਪਰ ਲਿਫ਼ਾਫ਼ੇ ਵਿੱਚ ਨਾ ਲਿਆਓ। ਲਿਫ਼ਾਫ਼ਿਆਂ ਨੂੰ ਬਣਾਉਣ ਵਿੱਚ ਸੈਂਕੜੇ ਮਣ ਦੇਸ਼ ਦਾ ਅੰਨ ਵੀ ਪ੍ਰਤੀ-ਦਿਨ ਬਰਬਾਦ ਹੋ ਰਿਹਾ ਹੈ। ਸ਼ਾਦੀ ਦੇ ਕਾਰਡਾਂ ਦੀ ਥਾਂ ਵੀ ਸਾਧਾਰਨ ਪੋਸਟ ਕਾਰਡ ਵਰਤੋ, ਉਹ ਵੀ ਜੇ ਲੋੜ ਹੋਵੇ। ਰਸਮੀ ਤੌਰ ’ਤੇ ਸ਼ਾਦੀ ਕਾਰਡ ਕਿਸੇ ਨੂੰ ਨਾ ਭੇਜੋ। ਡਰਾਈਕਲੀਨ ਕੀਤੇ ਹੋਏ ਕੱਪੜੇ ਵੀ ਦੁਕਾਨ ਤੋਂ ਲਿਫ਼ਾਫ਼ੇ ਵਿੱਚ ਨਾ ਲਿਆਓ। ਜਿਸ ਸਰਕਾਰੀ ਕਾਗ਼ਜ਼ ’ਤੇ ਦੋ ਤਿੰਨ ਸੱਤਰਾਂ ਛਪੀਆਂ ਹੁੰਦੀਆਂ ਹਨ ਤੇ ਬਾਕੀ ਸਾਰਾ ਖ਼ਾਲੀ ਹੁੰਦਾ ਹੈ, ਉਹ ਬੜਾ ਮਹਿੰਗਾ ਕਾਗ਼ਜ਼ ਹੁੰਦਾ ਹੈ। ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਸਰਕਾਰੀ ਦਫ਼ਤਰਾਂ ਵਿੱਚੋਂ ਲੱਖਾਂ ਮਣ ਸਰਕਾਰੀ ਕਾਗ਼ਜ਼ ਚੋਰੀ ਹੁੰਦਾ ਹੋਵੇਗਾ, ਜਿਸ ਨੇ ਰੱਦੀ ਕਾਗ਼ਜ਼ ਦੇ ਤੌਰ ’ਤੇ ਵਿਕਣਾ ਹੁੰਦਾ ਹੈ । ਜੇਕਰ ਮਾਸ ਅਤੇ ਚਮੜੇ ਲਈ ਨੌਜਵਾਨ ਗਊਆਂ ਤੇ ਮੱਝਾਂ ਦੇਸ਼ ਵਿੱਚ ਰੋਜ਼ ਕਤਲ ਹੋਣ ਤਾਂ ਦੇਸ਼ ਵਿੱਚ ਦੁੱਧ ਤੇ ਘਿਓ ਦਾ ਕਾਲ ਪੈ ਸਕਦਾ ਹੈ। ਫਿਰ ਭਾਰ ਢੋਣ ਵਾਲੇ

ਗੱਡਿਆਂ ਨੂੰ ਖਿੱਚਣ ਤੇ ਖੇਤੀ ਕਰਨ ਵਾਲੇ ਬੈਲ ਕਿੱਥੋਂ ਆਉਣਗੇ। ਸਾਡੇ ਦੇਸ਼ ਦਾ ਭਾਰ ਢੋਣ ਦਾ ਕੰਮ ਰੇਲ ਗੱਡੀਆਂ ਤੇ ਟਰੱਕ ਸੌ ਵਿੱਚੋਂ ਕੇਵਲ ੧੦ ਹਿੱਸੇ ਕਰਦੇ ਹਨ । ੯੦ ਹਿੱਸੇ ਇਹ ਕੰਮ ਬੈਲ ਤੇ ਸੰਢੇ ਕਰਦੇ ਹਨ। ਦੇਸ਼ ਵਿੱਚ ਬੈਲਾਂ ਤੇ ਸਾਨ੍ਹਾਂ ਦੀ ਚਿੰਤਾਜਨਕ ਕਮੀ ਹੈ, ਜਿਸ ਦੇ ਕਾਰਣ ਡੀਜ਼ਲ ਤੇਲ ਦਾ ਖ਼ਰਚ ਦੇਸ਼ ਵਿੱਚ ਵਧ ਰਿਹਾ ਹੈ। ਡੀਜ਼ਲ ਦੀ ਕੀਮਤ ਸਾਢੇ ੧੪ ਪ੍ਰਤੀਸ਼ਤ ਸੰਨ ੧੯੭੯ ਦੇ ਜਨਵਰੀ ਦੇ ਮਹੀਨੇ ਵਧੀ ਹੈ ਤੇ ੨੦੦ ਕਰੋੜ ਰੁਪਿਆ ਸਾਲ ਦਾ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਡੀਜ਼ਲ ਤੇਲ ਦਾ ਖ਼ਰਚ ਇਕ ਸਾਲ ਦਾ ਵਧ ਗਿਆ ਹੈ। ਦੇਸ਼ ਕੇਵਲ ਇਸੇ ਸੂਰਤ ਵਿੱਚ ਬਚ ਸਕਦਾ ਹੈ ਜੇਕਰ ਹਰ ਇਕ ਆਦਮੀ ਪੁੰਨ ਦੀ ਭਾਵਨਾ ਨਾਲ ਗਊਆਂ ਪਾਲੇ ਤੇ ਵੱਛਿਆਂ ਨੂੰ ਅੱਧਾ ਦੁੱਧ ਛੱਡ ਕੇ ਚੰਗੇ ਬੈਲ ਬਣਾਵੇ । ਸ੍ਰੀ ਕ੍ਰਿਸ਼ਨ ਮਹਾਰਾਜ ਨੇ ਵੀ ਗਊਆਂ ਚਰਾਈਆਂ ਸਨ। ਗੁਰੂ ਨਾਨਕ ਸਾਹਿਬ ਨੇ ਵੀ ਗਊਆਂ ਮੱਝਾਂ ਚਰਾਈਆਂ । ਪਰ ਵਰਤਮਾਨ ਕਾਲ ਵਿੱਚ ਸ੍ਰੀ ਕਿਸ਼ਨ ਤੇ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਮੰਨਣ ਵਾਲਿਆਂ ਵਿੱਚੋਂ ਕਿਸੇ ਵਿਰਲੇ ਨੂੰ ਹੀ ਇਹ ਚਾਅ ਹੋਵੇਗਾ ਕਿ ਉਹ ਗਊ ਰੱਖੇ ਤੇ ਵੱਛੇ ਨੂੰ ਅੱਧਾ ਦੁੱਧ ਛੱਡੇ। ਉੱਚੇ ਦਰਜੇ ਦੇ ਬੰਦਿਆਂ ਵਿੱਚੋਂ ਕੇਵਲ ਇਕ ਬੰਦੇ ਬਾਰੇ The **Illustrated weekly** ਅਖ਼ਬਾਰ ਵਿੱਚ ਇਹ ਗੱਲ ਨਿਕਲੀ ਹੈ ਤੇ ਉਹ ਬੀਕਾਨੇਰ ਦੇ ਰਹਿ ਚੁੱਕੇ ਮਹਾਰਾਜਾ ਕਰਨੀ ਸਿੰਘ ਦੇ ਪੁੱਤਰ ਬਾਰੇ ਹੈ। ਉਸ ਨੇ ਗਊਆਂ ਦੀ ਬਹੁਤ ਵੱਡੀ ਡੇਅਰੀ ਬਣਾਈ ਹੋਈ ਹੈ, ਨਹੀਂ ਤਾਂ ਹਰ ਬੰਦਾ ਮੋਟਰਕਾਰ ਤੇ ਸਕੂਟਰ ਰੱਖਣਾ ਚਾਹੁੰਦਾ ਹੈ। ਅਨੇਕਾਂ ਚੀਜ਼ਾਂ ਹੰਕਾਰ ਦੇ ਪ੍ਰਗਟਾਵੇ ਲਈ ਵਰਤੀਆਂ ਜਾ ਰਹੀਆਂ ਹਨ, ਵਰਤੋਂ ਹੋਵੇ ਨਾ ਹੋਵੇ ਪਰ ਉਸ ਚੀਜ਼ ਦਾ ਘਰ ਵਿੱਚ ਹੋਣਾ ਲਾਜ਼ਮੀ ਗਿਣਿਆ ਗਿਆ ਹੈ; ਜਿਵੇਂ ਫਰਿੱਜ ਰੈਫਰੀਜੀਰੇਟਰ ਆਦਿ। ਜਿਸ ਘਰ ਵਿੱਚ ਗਊਆਂ ਮੱਝਾਂ ਹੋਣ ਉੱਥੇ ਰੈਫਰੀਜੀਰੇਟਰ ਦੀ ਕੋਈ ਲੋੜ ਨਹੀਂ। ਰੋਟੀ ਦਾਲ ਸਬਜ਼ੀ ਜੋ ਬਚੇ ਉਹ ਗਊਆਂ ਨੂੰ ਖਾਣ ਨੂੰ ਦਿੱਤੀ ਜਾ ਸਕਦੀ ਹੈ। ਸਾਨੂੰ ਸਟੀਲ ਦੂਜੇ ਦੇਸ਼ਾਂ ਤੋਂ ਮੰਗਾਉਣਾ ਪੈ ਰਿਹਾ ਹੈ। ਉਸ ਦੇ ਬਦਲੇ ਸਾਨੂੰ ਸਾਡੇ ਦੇਸ਼ ਦੀਆਂ ਚੀਜ਼ਾਂ ਦੂਜੇ ਦੇਸ਼ਾਂ ਨੂੰ ਭੇਜਣੀਆਂ ਪੈ ਰਹੀਆਂ ਹਨ। ਬਦੇਸ਼ੀ ਸਿੱਕਾ ਵੀ ਜਾਂਦਾ ਹੈ। ਫਿਰ ਲੋਹੇ ਨੇ ਦੁਨੀਆਂ ਵਿੱਚੋਂ ਮੁੱਕ ਜਾਣਾ ਹੈ। ਇੰਗਲੈਂਡ ਦੇਸ਼ ਦੇ ਫ਼ਿਲਾਸਫ਼ਰ ਜੌਹਨ ਰਸਕਿਨ ਦੀ ਇਹ ਗੱਲ ਸੰਸਾਰ ਦੇ ਹਰ ਬੰਦੇ ਨੂੰ ਆਪਣੇ ਸਨਮੁਖ ਰੱਖਣੀ ਚਾਹੀਦੀ ਹੈ ਕਿ ਸਾਡੇ ਪਿੱਛੋਂ ਵੀ ਦੁਨੀਆਂ ਵਿੱਚ ਕਿਸੇ ਨੇ ਆਉਣਾ ਹੈ। ਪਤਾ



ਨਹੀਂ ਇਹ ਦੁਨੀਆਂ ਹੋਰ ਕਿੰਨੇ ਹਜ਼ਾਰ ਸਾਲ, ਕਿੰਨੇ ਲੱਖ ਸਾਲ ਜਾਣੀ ਹੈ। ਇਸ ਲਈ ਸਾਨੂੰ ਆਉਣ ਵਾਲੀਆਂ ਨਸਲਾਂ ਦਾ ਵੀ ਖ਼ਿਆਲ ਰੱਖਣਾ ਚਾਹੀਦਾ ਹੈ । ਧਰਤੀ ਤੇ ਉਸ ਵਿੱਚ ਲੁਕੇ ਹੋਏ ਕੋਇਲੇ ਤੇ ਲੋਹੇ ਵਰਗੇ ਪਦਾਰਥਾਂ ਨੂੰ ਬੇਕਦਰੀ ਨਾਲ ਨਹੀਂ ਉਜਾੜਨਾ ਚਾਹੀਦਾ ਹੈ। ਆਉਣ ਵਾਲੀਆਂ ਪੀੜ੍ਹੀਆਂ ਲਈ ਇਨ੍ਹਾਂ ਪਦਾਰਥਾਂ ਨੂੰ ਬਚਾ ਕੇ ਤੇ ਸੰਭਾਲ ਕੇ ਰੱਖਣਾ ਚਾਹੀਦਾ ਹੈ।

ਅਮਰੀਕਾ ਦੇਸ਼ ਦੀ ਆਬਾਦੀ ਦੁਨੀਆਂ ਦੀ ਆਬਾਦੀ ਦਾ ਛੇਵਾਂ ਹਿੱਸਾ ਹੈ; ਪਰ ਉਸ ਦੇਸ਼ ਦੇ ਬੰਦੇ ਧਰਤੀ ਦੇ ਢਿੱਡ ਵਿੱਚੋਂ ਨਿਕਲਣ ਵਾਲੀਆਂ ਲੋਹਾ, ਤਾਂਬਾ, ਪਿੱਤਲ ਤੇ ਕੋਇਲੇ ਵਰਗੇ ਪਦਾਰਥਾਂ ਦੀ ਜਿੰਨੀ ਵਰਤੋਂ ਕਰਦੇ ਹਨ ਉਹ ਸੌ ਵਿੱਚੋਂ ਚਾਲ੍ਹੀ ਹਿੱਸੇ ਹੈ। ਮੋਟੇ ਤੌਰ 'ਤੇ ਅਨੁਮਾਨ ਲਾਇਆ ਗਿਆ ਹੈ ਕਿ ਭਾਰਤ ਵਰਗੇ ਗ਼ਰੀਬ ਦੇਸ਼ਾਂ ਦੇ ਮੁਕਾਬਲੇ ਵਿੱਚ ਅਮਰੀਕਾ ਤੇ ਯੂਰਪ ਦਾ ਇਕ-ਇਕ ਬੰਦਾ ਸੰਸਾਰ ਦੇ ਪਦਾਰਥਾਂ ਨੂੰ ੨੦ ਗੁਣਾਂ ਵੱਧ ਵਰਤਦਾ ਹੈ। ਜੇ ਗ਼ਰੀਬ ਦੇਸ਼ਾਂ ਦੇ ਬੰਦਿਆਂ ਨੇ ਵੀ ਸੰਸਾਰ ਦੇ ਪਦਾਰਥਾਂ ਦਾ ਉਜਾੜਾ ਕਰਨ ਦੀ ਓਹੋ ਚਾਲ ਫੜੀ ਹੁੰਦੀ ਤਾਂ ਹੁਣ ਤਕ ਕਦੋਂ ਦਾ ਲੋਹਾ ਮੁਕਿਆ ਹੁੰਦਾ, ਕੋਇਲਾ ਮੁੱਕਿਆ ਹੁੰਦਾ ਤੇ ਹਿਮਾਲਾ ਪਹਾੜ ਦੀਆਂ ਪਹਾੜੀਆਂ ਰੁੱਖਾਂ ਵੱਲੋਂ ਰੁੰਡ-ਮਰੁੰਡ ਹੋਈਆਂ ਹੁੰਦੀਆਂ ਤੇ ਮੈਦਾਨ ਵੀ ਦਰੱਖਤਾਂ ਵੱਲੋਂ ਰੁੰਡ-ਮਰੁੰਡ ਹੋਏ ਹੁੰਦੇ। ਹੜ੍ਹਾਂ ਤੇ ਹਨੇਰੀਆਂ ਨੇ ਦੇਸ਼ ਦੇ ਬੰਦਿਆਂ ਦੇ ਬੁਰੇ ਹਾਲ ਤੇ ਬਾਂਕੇ ਦਿਹਾੜੇ ਕੀਤੇ ਹੁੰਦੇ।

ਡੀਜ਼ਲ ਤੇਲ ਸਾਡੇ ਦੇਸ਼ ਵਿੱਚ ਬਾਹਰਲੇ ਦੇਸ਼ਾਂ ਤੋਂ ਆ ਰਿਹਾ ਹੈ। ਸਾਡੇ ਦੇਸ਼ ਵਿੱਚੋਂ ਜੋ ਮਿੱਟੀ ਦਾ ਤੇਲ ਤੇ ਡੀਜ਼ਲ ਦੂਜੇ ਦੇਸ਼ਾਂ ਵਿੱਚੋਂ ਆ ਰਿਹਾ ਹੈ ਉਸ ਦੀ ਕੀਮਤ ਜੇ ਮੈਂ ਭੁੱਲਦਾ ਨਹੀਂ ਤਾਂ ੧੭ ਅਰਬ ਰੁਪਿਆ ਹੋਵੇਗੀ। ਜੇ ਇਹ ਰਕਮ ਠੀਕ ਨਾ ਵੀ ਹੋਵੇ ਤਾਂ ਵੀ ਇਕ ਡਰਾਉਣ ਵਾਲੀ ਵੱਡੀ ਰਕਮ ਦਾ ਡੀਜ਼ਲ ਸਾਡੇ ਮੁਲਕ ਨੂੰ ਦੂਜੇ ਦੇਸ਼ਾਂ ਤੋਂ ਆ ਰਿਹਾ ਹੈ, ਉਸ ਦੇ ਬਦਲੇ ਸਾਡੇ ਦੇਸ਼ ਨੂੰ ਅਨੇਕਾਂ ਉਹ ਚੀਜ਼ਾਂ ਭੇਜਣੀਆਂ ਪੈਂਦੀਆਂ ਹਨ ਜਿਨ੍ਹਾਂ ਦੀ ਸਾਨੂੰ ਲੋੜ ਹੁੰਦੀ ਹੈ; ਜਿਵੇਂ ਗੰਢੇ, ਆਲੂ ਆਦਿ । ਫਿਰ ਲੰਘ ਰਹੇ ਸਾਲ ਵਿੱਚ ਸਾਡੇ ਦੇਸ਼ ਨੇ ੭੫ ਹਜ਼ਾਰ ਟਨ ਗੰਢੇ, ੭੫ ਹਜ਼ਾਰ ਟਨ ਆਲੂ, ਸਾਢੇ ਛੇ ਲੱਖ ਟਨ ਖੰਡ ਦੂਜੇ ਦੇਸ਼ਾਂ ਨੂੰ ਭੇਜੇ ਹਨ, ਅੰਬ ਵੀ ਭੇਜੇ ਜਾਂਦੇ ਹਨ, ਜਿਸ ਦੀ ਖ਼ਾਤਰ ਨੌਜਵਾਨ ਗਊਆਂ, ਮੱਝਾਂ ਕਲਕੱਤੇ ਵਰਗੇ ਸ਼ਹਿਰਾਂ ਵਿੱਚ ਕਤਲ ਹੁੰਦੀਆਂ ਹਨ। ਪਹਿਲਾਂ ਜਿਊਂਦੇ ਬਾਂਦਰ ਵੀ ਦੂਜੇ ਦੇਸ਼ਾਂ ਨੂੰ ਜਾਂਦੇ ਸਨ ਜਿਨ੍ਹਾਂ ਉੱਤੇ ਸਾਇੰਸਦਾਨ ਤਜਰਬਿਆਂ ਨਾਲ ਭਾਰੇ ਅੱਤਿਆਚਾਰ ਕਰਿਆ ਕਰਦੇ

ਸਨ। ਅਮਰੀਕਾ ਦੇ ਸਾਇੰਸਦਾਨਾਂ ਦੀਆਂ ਪ੍ਰਯੋਗਸ਼ਾਲਾਵਾਂ ਵਿੱਚ ੩੪੦੦੦ ਬਾਂਦਰਾਂ ਉੱਤੇ ਕਹਿਰ ਭਰੇ ਤਜਰਬੇ ਹੁੰਦੇ ਸਨ ਜਿਨ੍ਹਾਂ ਨਾਲ ਉਹ ਕਈ-ਕਈ ਦਿਨ ਤੜਫ਼-ਤੜਫ਼ ਕੇ ਮਰਿਆ ਕਰਦੇ ਸਨ । ਉਨ੍ਹਾਂ ਬਾਂਦਰਾਂ ਵਿੱਚੋਂ ਬਹੁਤੀ ਗਿਣਤੀ ਹਿੰਦੁਸਤਾਨ ਵਿੱਚੋਂ ਭੇਜੇ ਗਏ ਬਾਂਦਰਾਂ ਦੀ ਹੁੰਦੀ ਸੀ।

ਲੰਘ ਚੁੱਕੇ ਸਾਲ ੧੯੭੮ ਦੇ ਅਪ੍ਰੈਲ ਦੇ ਮਹੀਨੇ ਤੋਂ ਜੋ ਮਾਲ ਦੂਜੇ ਦੇਸ਼ਾਂ ਤੋਂ ਸਾਡੇ ਦੇਸ਼ ਨੂੰ ਆਇਆ ਹੈ, ਉਸ ਮਾਲ ਨਾਲੋਂ ੮੦੦ ਕਰੋੜ ਰੁਪਏ ਦੇ ਕਰੀਬ ਵੱਧ ਮੁੱਲ ਦਾ ਸੀ ਜਿਹੜਾ ਅਸੀਂ ਦੂਜੇ ਦੇਸ਼ਾਂ ਨੂੰ ਭੇਜਿਆ ਹੈ। ਜਿੰਨਾ ਵੱਧ ਮਾਲ ਸਾਡੇ ਦੇਸ਼ ਨੂੰ ਦੂਜੇ ਦੇਸ਼ਾਂ ਤੋਂ ਆਇਆ ਹੈ ਉਸ ਦੇ ਬਦਲੇ ਸਾਨੂੰ ਆਪਣੇ ਸਰਕਾਰੀ ਖ਼ਜ਼ਾਨੇ ਵਿੱਚੋਂ ਓਨਾ ਹੀ ਬਦੇਸ਼ੀ ਸਿੱਕਾ ਦੂਜੇ ਦੇਸ਼ਾਂ ਨੂੰ ਭੇਜਣਾ ਪਵੇਗਾ। ਬਦੇਸ਼ੀ ਸਿੱਕੇ ਦੇ ਬਦਲੇ ਅਸੀਂ ਦੂਜੇ ਮੁਲਕਾਂ ਤੋਂ ਅਨੇਕਾਂ ਚੀਜ਼ਾਂ ਮੰਗਵਾਉਣੀਆਂ ਹੁੰਦੀਆਂ ਹਨ, ਜਿਨ੍ਹਾਂ ਵਿੱਚੋਂ ਕਈ ਬਹੁਤ ਜ਼ਰੂਰੀ ਵਸਤਾਂ ਹੁੰਦੀਆਂ ਹਨ; ਜਿਵੇਂ **X-Ray** ਦੀਆਂ ਫ਼ਿਲਮਾਂ ਜਿਨ੍ਹਾਂ ਨਾਲ ਮਨੁੱਖ ਦੇ ਸ਼ਰੀਰ ਦੇ ਪੱਥਰੀਆਂ ਵਰਗੇ ਰੋਗ ਵੇਖੇ ਜਾਂਦੇ ਹਨ ਤੇ ਫ਼ੌਜੀ ਸਮਾਨ ਆਦਿ। ਸਾਨੂੰ ਆਪਣੇ ਬਦੇਸ਼ੀ ਸਿੱਕੇ ਨੂੰ ਬੜਾ ਸੰਕੋਚ ਨਾਲ ਵਰਤਣਾ ਚਾਹੀਦਾ ਹੈ। ਡੀਜ਼ਲ ਤੇਲ ਨੇ ੨੦ ਸਾਲਾਂ ਤਕ ਦੁਨੀਆਂ 'ਚੋਂ ਮੁੱਕ ਜਾਣਾ ਹੈ। ਫਿਰ ਉਸ ਵੇਲੇ ਸਾਡੇ ਕਈ ਜ਼ਰੂਰੀ ਕੰਮ ਰੁਕ ਜਾਣਗੇ; ਜਿਵੇਂ ਧਰਤੀ ਵਿੱਚੋਂ ਪਾਣੀ ਕੱਢਣ ਵਾਲੇ ਇੰਜਣ ਜਿਹੜੇ ਖੇਤਾਂ ਵਿੱਚ ਲੱਗੇ ਹੋਏ ਹਨ ਤੇ ਖੇਤਾਂ ਨੂੰ ਸਿੰਜਦੇ ਹਨ। ਜਿਉਂ-ਜਿਉਂ ਡੀਜ਼ਲ ਤੇਲ ਮੁੱਕਦਾ ਜਾ ਰਿਹਾ ਹੈ ਤਿਉਂ-ਤਿਉਂ ਉਸ ਦੀ ਕੀਮਤ ਵਧਦੀ ਜਾ ਰਹੀ ਹੈ; ਜਿਵੇਂ ਇਸ ਸਾਲ ੧੪.੫ ਪ੍ਰਤੀਸ਼ਤ ਡੀਜ਼ਲ ਦੀ ਕੀਮਤ ਵਧੀ ਹੈ। ਇਸ ਕੀਮਤ ਨੇ ਹਰ ਸਾਲ ਵਧਦੇ ਜਾਣਾ ਹੈ। ਸਾਨੂੰ ਚਾਹੀਦਾ ਹੈ ਕਿ ਉਨ੍ਹਾਂ ਚੀਜ਼ਾਂ ਨੂੰ ਬਿਲਕੁਲ ਨਾ ਵਰਤੀਏ ਜਾਂ ਘੱਟ ਤੋਂ ਘੱਟ ਵਰਤੀਏ ਜਿਨ੍ਹਾਂ ਵਿੱਚ ਡੀਜ਼ਲ ਤੇਲ ਵਰਤਿਆ ਜਾਂਦਾ ਹੈ। ਰੇਲ ਗੱਡੀ ਜਿਹੜੇ ਤੇਲ ਨਾਲ ੬ ਸੁਆਰੀਆਂ ਖਿੱਚਦੀ ਹੈ ਓਨੇ ਤੇਲ ਨਾਲ ਮੋਟਰ ਬੱਸ ਇਕ ਸਵਾਰੀ ਖਿੱਚਦੀ ਹੈ। ਅਸੀਂ ਟਾਂਗਿਆਂ ਦੀ ਸੁਆਰੀ ਦਾ ਰਿਵਾਜ ਛੱਡ ਕੇ ਬੱਸਾਂ ਦੀ ਵਰਤੋਂ ਕਰਕੇ ਭਾਰੀ ਗ਼ਲਤੀ ਕਰ ਰਹੇ ਹਾਂ । ਛੇਤੀ ਸਫ਼ਰ ਕਰਨ ਦਾ ਖ਼ਿਆਲ ਜਾਂ ਬੱਸਾਂ ਦੇ ਗਦੇਲਿਆਂ 'ਤੇ ਸਫ਼ਰ ਕਰਨ ਦਾ ਖ਼ਿਆਲ ਸਾਨੂੰ ਬਹੁਤ ਮਹਿੰਗਾ ਪੈ ਰਿਹਾ ਹੈ। ਇਸ ਤੋਂ ਵੱਧ ਦੇਸ਼ ਦੇ ਉਜਾੜੇ ਵਾਲੀ ਗੱਲ ਕੋਈ ਹੋਰ ਹੋ ਨਹੀਂ ਸਕਦੀ। ਛੇਤੀ ਕਰਨ ਦਾ ਖ਼ਿਆਲ ਵੀ ਗ਼ਲਤ ਹੈ। ਹਰ ਬੰਦੇ ਨੂੰ ਛੇਤੀ ਨਹੀਂ



ਹੁੰਦੀ। ਫਿਰ ਡੀਜ਼ਲ ਨੇ ਤਾਂ ੨੦ ਸਾਲਾਂ ਵਿੱਚ ਮੁੱਕ ਜਾਣਾ ਹੈ, ਫਿਰ ਲੋਕੀਂ ਕੀ ਕਰਨਗੇ? ਖੇਤਾਂ ਵਿੱਚ ਡੀਜ਼ਲ ਨਾਲ ਇੰਜਣ ਧਰਤੀ ਵਿੱਚੋਂ ਪਾਣੀ ਕੱਢਦੇ ਹਨ, ਉਨ੍ਹਾਂ ਵਾਸਤੇ ਤੇਲ ਰੱਖਣਾ ਬੜਾ ਜ਼ਰੂਰੀ ਹੈ, ਕਿਉਂਕਿ ਅੰਨ ਬਿਨਾਂ ਬੰਦਾ ਜਿਉਂਦਾ ਨਹੀਂ ਰਹਿ ਸਕਦਾ । ਜੇ ਬੰਦਾ ਬੱਸ ਦੀ ਥਾਂ ਟਾਂਗੇ ਦਾ ਸਫ਼ਰ ਕਰ ਲਵੇ ਤਾਂ ਕੀ ਹਰਜ ਹੈ । ਜਦ ਬੱਸ ਵਿੱਚ ਖ਼ਰਚ ਹੋਣ ਵਾਲੇ ਡੀਜ਼ਲ ਦੇ ਖ਼ਜ਼ਾਨਿਆਂ ਦੇ ਧਰਤੀ ਵਿੱਚੋਂ ਮੁਕ ਜਾਣ ਨਾਲ ਲੋਕਾਂ ਨੇ ਭੁੱਖੇ ਮਰਨਾ ਹੈ। ਖੇਤਾਂ ਦੇ ਉਹ ਇੰਜਣ ਨਾ ਚਲਣਗੇ ਜਿਹੜੇ ਡੀਜ਼ਲ ਨਾਲ ਚਲਕੇ ਧਰਤੀ 'ਚੋਂ ਪਾਣੀ ਕੱਢ ਕੇ ਖੇਤਾਂ ਦੀ ਸਿੰਜਾਈ ਕਰਦੇ ਹਨ। ਬੰਦਾ ਬਾਈਸਿਕਲ 'ਤੇ ਚੜ੍ਹ ਸਕਦਾ ਹੈ। ਸਾਈਕਲ ਰਿਕਸ਼ਾ ਜਿਸ ਨੂੰ ਬੰਦਾ ਖਿੱਚਦਾ ਹੈ, ਉਹ ਵਰਤਿਆ ਜਾ ਸਕਦਾ ਹੈ । ਸਫ਼ਰ ਲਈ ਟਾਂਗੇ ਵਰਤੇ ਜਾ ਸਕਦੇ ਹਨ, ਜਿਵੇਂ ੧੨-੧੨ ਮੀਲ ਦੇ ਸਫ਼ਰਾਂ ਲਈ ਅੱਗੇ ਟਾਂਗਾ ਜਾਇਆ ਕਰਦਾ ਸੀ। ਰਿਕਸ਼ੇ ਵਰਤੇ ਜਾ ਸਕਦੇ ਹਨ ਤੇ ਪੈਦਲ ਵੀ ਤੁਰਨਾ ਚਾਹੀਦਾ ਹੈ । ਬੈਠਕ ਦੇ ਜੀਵਨ ਵਾਲਾ ਜਿਹੜਾ ਬੰਦਾ ਸਾਢੇ ੮ ਮੀਲ ਪੈਦਲ ਨਹੀਂ ਤੁਰਦਾ ਉਹ ਆਪਣੀ ਤੰਦਰੁਸਤੀ ਕਾਇਮ ਨਹੀਂ ਰੱਖ ਸਕਦਾ । ਬੈਠਕ ਦੇ ਜੀਵਨ ਵਾਲੇ ਹਰ ਇਕ ਬੰਦੇ ਲਈ ਸਾਢੇ ੮ ਮੀਲ ਪੈਦਲ ਚਲਣਾ ਬੜਾ ਜ਼ਰੂਰੀ ਹੁੰਦਾ ਹੈ। ਅਨੇਕਾਂ ਬੰਦੇ ਆਪਣੀ ਨਕਰਮਣਤਾ ਦੇ ਨਾਲ ਤੁਰਨਾ ਛੱਡ ਬੈਠੇ ਹਨ ਤੇ ਸੁਆਰੀਆਂ ਦੇ ਗੁਲਾਮ ਹੋ ਗਏ ਹਨ। ਸਾਡਾ ਦੇਸ਼ ਗ਼ਰੀਬ ਹੈ । ਇਸ ਲਈ ਹਰ ਬੰਦੇ ਨੂੰ ਘੱਟ ਤੋਂ ਘੱਟ ਖ਼ਰਚ ਕਰਨਾ ਚਾਹੀਦਾ ਹੈ। ਉਹ ਬੰਦਾ ਕਿੰਨਾ ਮੂਰਖ ਹੈ ਜਿਹੜਾ ਸਾਢੇ ੮ ਮੀਲ ਪੈਦਲ ਨਹੀਂ ਤੁਰਦਾ ਤੇ ਬੱਸ ਦਾ ਸਫ਼ਰ ਕਰਕੇ ੮ ਆਨੇ ਜਾਂ ਇਕ ਰੁਪਿਆ ਪ੍ਰਤੀ-ਦਿਨ ਡੀਜ਼ਲ ਤੇਲ ਦੇ ਬਦਲੇ ਦੂਜੇ ਦੇਸ਼ਾਂ ਨੂੰ ਭੇਜਦਾ ਹੈ।

(ਜੀਵਨ ਲਹਿਰ ਮਾਰਚ ੧੯੭੯ 'ਚੋਂ)

# ਭਗਤ ਪੂਰਨ ਸਿੰਘ ਜੀ ਦੀ ਜੰਮੂ ਪ੍ਰਚਾਰ ਫੇਰੀ

ਸ੍ਰੀ ਗੁਰੂ ਸਿੰਘ ਸਭਾ ਜੰਮੂ ਦੇ ਜਨਰਲ ਸਕੱਤਰ ਸ: ਦਯਾ ਸਿੰਘ ਦੇ ਅਨੰਦ-ਕਾਰਜ ਦੇ ਮੌਕੇ 'ਤੇ ਭਗਤ ਪੂਰਨ ਸਿੰਘ ਜੀ ਬਾਨੀ ਪਿੰਗਲਵਾੜਾ ਅੰਮ੍ਰਿਤਸਰ ਨੇ ਨਵੀਂ ਵਿਆਹੀ ਜੋੜੀ ਨੂੰ ਸ਼ੁਭ ਅਸੀਸ ਦੇਂਦਿਆਂ ਹੋਇਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਲਾਵਾਂ' ਦੀ ਵਿਆਖਿਆ ਕੀਤੀ ।

ਸ: ਜੈ ਸਿੰਘ ਜੀ, ਭਗਤ ਜੀ ਨੂੰ ਜੰਮੂ ਸਰਕਾਰ ਦੇ ਸਿਹਤ ਤੇ ਪਰਿਵਾਰ ਨਿਯੋਜਨ ਮੰਤਰੀ ਡਾ: ਹਰਭਜਨ ਸਿੰਘ ਪਾਸ ਲੈ ਗਏ। ਭਗਤ ਜੀ ਨੇ ਮੰਤਰੀ ਜੀ ਨਾਲ ਜੰਗਲਾਂ ਦੇ ਅੰਧਾ-ਧੁੰਦ ਕੱਟੇ ਜਾਣ ਤੋਂ ਪੈਦਾ ਹੋਣ ਵਾਲੇ ਜ਼ਮੀਨ ਦੇ ਖੁਰਨ ਵਾਲੇ ਭੈੜੇ ਨਤੀਜਿਆਂ ਦੇ ਸੰਬੰਧ ਵਿੱਚ ਆਪਣੇ ਛਪੇ ਕਿਤਾਬਚਿਆਂ ਤੇ ਇਸ਼ਤਿਹਾਰਾਂ ਦੇ ਆਧਾਰ 'ਤੇ ਉਨ੍ਹਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਦੱਸਿਆ ਕਿ ਆਪਣੇ ਇਨ੍ਹਾਂ ਕਿਤਾਬਚਿਆਂ ਰਾਹੀਂ ਉਹ ਇਨ੍ਹਾਂ ਦੋਹਾਂ ਸਮੱਸਿਆਵਾਂ ਦੇ ਸੰਬੰਧ ਵਿੱਚ ਜਨਤਾ ਨੂੰ ਜਾਗਰੂਕ ਕਰ ਰਹੇ ਹਨ। ਭਗਤ ਜੀ ਨੇ ਇਨ੍ਹਾਂ ਸਮੱਸਿਆਵਾਂ ਸੰਬੰਧੀ ਆਪਣੇ ਛਾਪੇ ਕਿਤਾਬਚੇ ਤੇ ਇਸ਼ਤਿਹਾਰ ਡਾ. ਸਾਹਿਬ ਨੂੰ ਦਿੱਤੇ, ਤਾਂ ਕਿ ਉਹ ਇਨ੍ਹਾਂ ਨੂੰ ਆਪਣੇ ਸਾਥੀ ਵਜ਼ੀਰਾਂ ਤੇ ਉੱਚ-ਅਧਿਕਾਰੀਆਂ ਤਕ ਪਹੁੰਚਾ ਸਕਣ ।

ਭਗਤ ਜੀ ਦਾ ਜੰਮੂ ਜਾਣ ਦਾ ਇਕ ਲਾਲਚ ਇਹ ਵੀ ਸੀ ਕਿ ਉੱਥੇ ਕਾਲਜਾਂ ਵਿੱਚ ਲੈਕਚਰ ਦੇ ਸਕਣਗੇ, ਪਰ ਕਾਲਜਾਂ ਵਿੱਚ ਹੜਤਾਲ ਹੋਣ ਕਾਰਨ ਪ੍ਰੋਫ਼ੈਸਰ ਵੀ ਨਹੀਂ ਆਏ ਹੋਏ ਸਨ । ਡਾਕਟਰ ਹਰਭਜਨ ਸਿੰਘ ਜੀ ਨੇ ਭਗਤ ਜੀ ਨੂੰ ਭਰੋਸਾ ਦਿਵਾਇਆ ਕਿ ਉਹ ਜੰਮੂ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਨਾਲ ਆਪ ਗੱਲ ਕਰਨਗੇ ਤਾਂ ਕਿ ਭਗਤ ਜੀ ਫੇਰ ਜੰਮੂ ਆ ਕੇ ਕਾਲਜਾਂ ਦੇ ਪ੍ਰੋਫ਼ੈਸਰਾਂ ਨੂੰ ਸੰਬੋਧਨ ਕਰ ਸਕਣ।

ਅਜੇ ਕੱਲ੍ਹ ਹੀ ਭਗਤ ਪੂਰਨ ਜੀ ਨੂੰ ਡਾ: ਸਾਹਿਬ ਵੱਲੋਂ ਇਕ ਚਿੱਠੀ ਮਿਲੀ ਹੈ, ਜਿਸ ਵਿੱਚ ਵਜ਼ੀਰ ਸਾਹਿਬ ਨੇ ਭਗਤ ਜੀ ਦਾ ਜੰਮੂ ਆ ਕੇ ਜਨਤਾ ਨੂੰ ਦਰਸ਼ਨ ਦੇਣ ਤੇ ਆਪਣੇ ਅਣਮੁੱਲੇ ਵਿਚਾਰ ਦੱਸਣ ਬਾਰੇ ਧੰਨਵਾਦ ਕੀਤਾ ਹੈ ਤੇ ਇਹ ਵੀ ਲਿਖਿਆ ਹੈ ਕਿ ਆਪ ਜੀ ਵੱਲੋਂ ਦਿੱਤਾ ਗਿਆ ਲਿਟਰੇਚਰ ਉਨ੍ਹਾਂ ਨੇ ਸੰਬੰਧਤ ਉੱਚ-ਅਧਿਕਾਰੀਆਂ ਤਕ ਪਹੁੰਚਾ ਦਿੱਤਾ ਹੈ।

ਸ: ਜੈ ਸਿੰਘ ਜੰਮੂ ਦੇ ਸਮਾਜਿਕ ਹਲਕਿਆਂ ਵਿੱਚ ਬੜੇ ਉੱਘੇ



ਵਿਅਕਤੀ ਹਨ। ਉਨ੍ਹਾਂ ਦੇ ਲੜਕੇ ਦੇ ਅਨੰਦ ਕਾਰਜ ਸਮੇਂ ਜੰਮੂ ਦੇ ਉੱਘੇ ਤੇ ਪਤਵੰਤੇ ਵਿਅਕਤੀ ਹਾਜ਼ਰ ਸਨ। ਉਨ੍ਹਾਂ ਨੇ ਭਗਤ ਜੀ ਨੂੰ ਬੜਾ ਆਦਰ ਦਿੱਤਾ ਤੇ ਭਗਤ ਜੀ ਦੇ ਸਮਾਜਿਕ ਤੇ ਲੋਕ ਸੇਵਾ ਦੇ ਕੰਮਾਂ ਦੀ ਬੜੀ ਸ਼ਲਾਘਾ ਕੀਤੀ। ਅਗਲੇ ਦਿਨ ਭਗਤ ਜੀ ਗਾਂਧੀ ਨਗਰ ਦੇ ਗੁਰਦੁਆਰੇ ਵਿੱਚ ਗਏ, ਜਿੱਥੇ ਉਨ੍ਹਾਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ । ਸੰਗਤਾਂ ਵੱਲੋਂ ਬੜੇ ਪਿਆਰ ਨਾਲ ਭਗਤ ਜੀ ਦਾ ਸਤਿਕਾਰ ਕੀਤਾ ਗਿਆ। ਭਗਤ ਜੀ ਨੇ ਸੰਗਤਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਆਪਣਾ ਜੀਵਨ ਗ਼ਰੀਬੀ ਵਿੱਚ ਕੱਟਿਆ ਹੈ। ਗ਼ਰੀਬੀ ਵੇਸ ਉਨ੍ਹਾਂ ਨੂੰ ਬਹੁਤ ਪਿਆਰਾ ਲੱਗਦਾ ਹੈ ਅਤੇ ਇਸ ਸਾਦੇ ਜੀਵਨ ਵਿੱਚੋਂ ਉਨ੍ਹਾਂ ਨੂੰ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ। ਅੱਗੇ ਚੱਲ ਕੇ ਉਨ੍ਹਾਂ ਨੇ ਦੱਸਿਆ ਕਿ ਪਿੰਗਲਵਾੜੇ ਦੇ ਸੰਬੰਧ ਵਿੱਚ ਜੋ ਹਮਦਰਦੀ ਦੇਸ਼-ਵਾਸੀਆਂ ਦੇ ਦਿਲਾਂ ਵਿੱਚ ਪੈਦਾ ਹੋ ਰਹੀ ਹੈ ਉਸ ਤੋਂ ਉਹ ਬਹੁਤ ਪ੍ਰਭਾਵਤ ਹਨ। ਉਨ੍ਹਾਂ ਦੱਸਿਆ ਕਿ ਜਿੱਥੇ ਵੀ ਮੈਂ ਜਾਂਦਾ ਹਾਂ ਉੱਥੇ ਇਹ ਹੀ ਚਰਚਾ ਹੁੰਦਾ ਹੈ ਕਿ ਪਿੰਗਲਵਾੜੇ ਦੀ ਵੱਧ ਤੋਂ ਵੱਧ ਸਹਾਇਤਾ ਕਿਸ ਤਰ੍ਹਾਂ ਕੀਤੀ ਜਾਏ।

ਭਗਤ ਜੀ ਨੇ ਸੰਨ ੧੯੩੪ ਵਿੱਚ ਇਕ ਲੂਲ੍ਹੇ ਨੂੰ ਧਰਤੀ 'ਤੇ ਰੁਲਦਿਆਂ ਲਾਵਾਰਸ ਹਾਲਤ ਵਿੱਚ ਗੁਰਦਵਾਰਾ ਡੇਹਰਾ ਸਾਹਿਬ ਲਾਹੌਰ ਦੀ ਹੱਦ 'ਚੋਂ ਚੁੱਕਿਆ ਸੀ। ਉਦੋਂ ਕੀ ਪਤਾ ਸੀ ਕਿ ਇਹ ਲੂਲ੍ਹਾ ਬੱਚਾ ਦੇਸ਼ ਦੇ ਬੰਦਿਆਂ ਦੀ ਆਤਮਾ ਨੂੰ ਹਲੂਣ ਦੇਵੇਗਾ। ਭਗਤ ਜੀ ਦੀ ਉਮਰ ਇਸ ਵੇਲੇ ੭੫ ਸਾਲ ਦੀ ਹੈ। ਉਨ੍ਹਾਂ ਨੇ ਸ਼ਾਦੀ ਨਹੀਂ ਕੀਤੀ ਤੇ ਸਾਰੀ ਉਮਰ ਮਨੁੱਖ ਮਾਤ੍ਰ ਦੀ ਸੇਵਾ ਤੋਂ ਬਿਨਾਂ ਹੋਰ ਕੋਈ ਦਿਲਚਸਪੀ ਨਹੀਂ ਰੱਖੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਦਵਾਰਾ ਡੇਹਰਾ ਸਾਹਿਬ ਦੀ ਛਤਰ-ਛਾਇਆ ਹੇਠ ਉਨ੍ਹਾਂ ਦਾ ਜੀਵਨ ਸਮਾਜ ਸੇਵਾ ਤੇ ਦੇਸ਼ ਸੇਵਾ ਦੇ ਸੱਚੇ ਵਿੱਚ ਢਲਿਆ—ਤੇ ਜੋ ਸਤਿਕਾਰ ਉਨ੍ਹਾਂ ਨੂੰ ਮਿਲਿਆ ਉਸ ਤੋਂ ਉਹ ਹੈਰਾਨ ਹਨ। ਉਸ ਹੈਰਾਨੀ ਵਿੱਚੋਂ ਇਕੋ ਗੱਲ ਨਿਕਲਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹੋਰ ਧਾਰਮਿਕ ਗ੍ਰੰਥਾਂ ਵਿੱਚ ਇਹੋ ਸੇਧ ਦਿੱਤੀ ਗਈ ਹੈ ਕਿ ਦੁਨੀਆਂ ਦੇ ਬੰਦਿਆਂ ਨੂੰ ਚਾਹੀਦਾ ਹੈ ਕਿ ਹਰ ਵਿਅਕਤੀ ਜ਼ਿੰਦਗੀ ਵਿੱਚ ਪੈਰ ਧਰਨ ਤੋਂ ਪਹਿਲਾਂ ਇਨ੍ਹਾਂ ਗ੍ਰੰਥਾਂ ਤੋਂ ਸੇਧ ਲਵੇ । ਜਿਨ੍ਹਾਂ ਬੰਦਿਆਂ ਨੂੰ ਇਨ੍ਹਾਂ ਗ੍ਰੰਥਾਂ ਤੋਂ ਸੇਧਾਂ ਲੈਣ ਦਾ ਅਵਸਰ ਤੇ ਪ੍ਰੇਰਨਾ ਨਹੀਂ ਮਿਲਦੀ ਉਹ ਗ਼ਲਤ ਰਾਹਾਂ 'ਤੇ ਚੱਲ ਪੈਂਦੇ ਹਨ ਤੇ ਅਨੇਕ ਪ੍ਰਕਾਰ ਦੇ ਕਸ਼ਟਾਂ ਦਾ ਸ਼ਿਕਾਰ ਹੋ ਜਾਂਦੇ ਹਨ। ਭਗਤ ਜੀ ਦੀ ਉਮਰ ਉਦੋਂ ਤੀਹਾਂ ਸਾਲਾਂ ਦੀ ਸੀ ਜਦੋਂ ਉਨ੍ਹਾਂ ਲੂਲ੍ਹੇ ਨੂੰ ਆਪਣੀ ਪਿੱਠ ਉੱਤੇ ਚੁੱਕਿਆ ਤੇ ਚੌਦਾਂ ਸਾਲ ਉਹ ਉਸ

ਨੂੰ ਇਸੇ ਤਰ੍ਹਾਂ ਹੀ ਪਿੱਠ ’ਤੇ ਚੁੱਕੀ ਫਿਰਦੇ ਰਹੇ । ਲੂਲ੍ਹੇ ਨੂੰ ਇਸ ਤਰ੍ਹਾਂ ਪਿੱਠ ’ਤੇ ਚੁੱਕੀ ਫਿਰਦੇ ਵੇਖ ਕੇ ਭਗਤ ਜੀ ਦੇ ਇਕ ਬੈਰਿਸਟਰ ਦੋਸਤ ਨੇ ਕਿਹਾ ਸੀ, “**ਪੂਰਨ ਸਿੰਘਾ ! ਬੱਚੇ ਨੂੰ ਸੰਭਾਲਣ ਵਿੱਚ ਤੇਰੀ ਵੱਧ ਤੋਂ ਵੱਧ ਸ਼ਕਤੀ ਇਤਨੀ ਹੈ ਕਿ ਤੂੰ ਜਵਾਨੀ ਵਿੱਚ ਇਸ ਨੂੰ ਸਾਂਭਦਾ ਰਹੇਂਗਾ। ਤੂੰ ਬੁੱਢਾ ਹੁੰਦਾ ਜਾਏਂਗਾ ਤੇ ਇਹ ਜਵਾਨ ਹੁੰਦਾ ਜਾਏਗਾ। ਤੇਰੇ ਬੁਢਾਪੇ ਵਿੱਚ ਇਹ ਰੁਲ ਕੇ ਮਰੇਗਾ। ਤੂੰ ਇਸ ਨੂੰ ਰੁਲਣ ਤੋਂ ਬਚਾਇਆ ਸੀ ਪਰ ਤੇਰੇ ਬੁਢਾਪੇ ਵਿੱਚ ਇਹ ਕਿਸ ਤਰ੍ਹਾਂ ਬਚੇਗਾ ?**”

ਸਿੱਖ ਗੁਰਦਵਾਰਿਆਂ ਨੂੰ ਨਿਥਾਵਿਆਂ ਦਾ ਥਾਂ ਕਿਹਾ ਗਿਆ ਹੈ ਤੇ ਗੁਰੂ ਹੋਣ ਦੀ ਜਿਸ ਸਿਫ਼ਤ ਨੂੰ ਸਭ ਤੋਂ ਵੱਡੀ ਮੰਨਿਆਂ ਗਿਆ ਹੈ ਉਹ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸ਼ਬਦ ਹਨ ਨਿਥਾਵਿਆਂ ਦਾ ਥਾਂ, ਨਿਮਾਣਿਆਂ ਦਾ ਮਾਣ, ਨਿਓਟਿਆਂ ਦੀ ਓਟ । ਇਨ੍ਹਾਂ ਸ਼ਬਦਾਂ ਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਦਾ ਅਧਿਕਾਰੀ ਗਿਣਿਆ ਗਿਆ ਸੀ। ਇਹ ਸ਼ਬਦ ਗੁਰੂ ਅੰਗਦ ਦੇਵ ਜੀ ਦੇ ਮੂੰਹ ’ਚੋਂ ਨਿਕਲਣ ਦਾ ਕਾਰਨ ਜੁਲਾਹੀ ਦੇ ਉਹ ਸ਼ਬਦ ਸਨ ਜਿਹੜੇ ਉਸ ਨੇ ਗੁਰੂ ਅਮਰਦਾਸ ਜੀ ਨੂੰ ਸੇਵਾ ਕਰਦਿਆਂ ਰਾਤ ਦੇ ਵੇਲੇ ਉਸ ਦੀ ਖੱਡੀ ਨਾਲ ਅੜ ਕੇ ਡਿੱਗ ਪੈਣ ’ਤੇ ਕਹੇ ਸਨ-“**ਇਹ ਅਮਰੂ ਨਿਥਾਵਾਂ ਹੈ ।**” ਮੇਰੀ ੭੫ ਸਾਲਾ ਜ਼ਿੰਦਗੀ ਦਾ ਤਜਰਬਾ ਇਹੋ ਦੱਸਦਾ ਹੈ ਕਿ ਗੁਰੂ ਅੰਗਦ ਦੇਵ ਜੀ ਦੇ ਕਹੇ ਹੋਏ ਸ਼ਬਦ ਤੇ ਸਿੱਖ ਗੁਰਦਵਾਰੇ ਸੱਚਮੁੱਚ ਨਿਥਾਵਿਆਂ ਦਾ ਥਾਂ ਹਨ ਤੇ ਨਿਤਾਣਿਆਂ ਨੂੰ ਤਾਣ ਦੇਣ ਦੀ ਇਨ੍ਹਾਂ ਦੀ ਲੀਲ੍ਹਾ ਵਿਸਮਾਦ ਭਰੀ ਹੈ।

(ਜੀਵਨ ਲਹਿਰ ਅਪ੍ਰੈਲ ੧੯੭੯ ’ਚੋਂ)

::



# ਭਗਤ ਜੀ ਦੇ ਭਾਸ਼ਨ

**ਸਾਡੇ ਪਾਠਕ ਭਗਤ ਪੂਰਨ ਸਿੰਘ ਜੀ ਦੀਆਂ ਲਿਖਤਾਂ ਆਮ ਪੜ੍ਹਦੇ ਰਹਿੰਦੇ ਹਨ । ਕੁਝ ਪਾਠਕਾਂ ਦੀ ਮੰਗ ਉੱਤੇ ਅਸੀਂ ਇਸ ਵਾਰੀ ਉਨ੍ਹਾਂ ਦੇ ਕੁਝ ਭਾਸ਼ਨਾਂ ਦਾ ਸਾਰ-ਅੰਸ਼ ਪਾਠਕਾਂ ਦੀ ਭੇਟ ਕਰਨ ਦੀ ਖ਼ੁਸ਼ੀ ਪ੍ਰਾਪਤ ਕਰਨਾ ਚਾਹੁੰਦੇ ਹਾਂ ।**

**(ਸੰਪਾਦਕ)**

**ਸਰਕਾਰੀ ਕਾਲਜ ਸਠਿਆਲਾ**

ਚਾਰ ਫ਼ਰਵਰੀ, ੧੯੭੭ ਨੂੰ ਗੁਰੂ ਤੇਗ ਬਹਾਦਰ ਸਰਕਾਰੀ ਕਾਲਜ ਸਠਿਆਲਾ ਵਿਖੇ ਭਗਤ ਰਵਿਦਾਸ ਜੀ ਦਾ ਛੇ-ਸੌ-ਸਾਲਾ ਜਨਮ ਦਿਵਸ ਪ੍ਰਸਿੱਧ ਸਮਾਜ-ਸੁਧਾਰਕ ਤੇ ਲੋਕ-ਸੇਵਕ ਭਗਤ ਪੂਰਨ ਸਿੰਘ ਜੀ ਬਾਨੀ ਪਿੰਗਲਵਾੜਾ, ਅੰਮ੍ਰਿਤਸਰ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ ।

ਵਿਦਿਆਰਥੀਆਂ ਨੇ ਭਗਤ ਰਵਿਦਾਸ ਜੀ ਦੀ ਬਾਣੀ ਦਾ ਗਾਇਨ ਕੀਤਾ ਤੇ ਭਾਸ਼ਨ ਦਿੱਤੇ ।

ਭਗਤ ਜੀ ਦੀ ਸਟਾਫ਼ ਤੇ ਵਿਦਿਆਰਥੀਆਂ ਨਾਲ ਜਾਣ-ਪਛਾਣ ਕਰਾਂਦਿਆਂ ਹੋਇਆਂ ਪ੍ਰਿੰਸੀਪਲ ਕਰਤਾਰ ਸਿੰਘ ਜੀ ਸ਼ੇਰਗਿੱਲ ਨੇ ਭਗਤ ਰਵਿਦਾਸ ਜੀ ਦੇ ਜਨਮ ਦਿਵਸ ਨੂੰ ਭਗਤ ਪੂਰਨ ਸਿੰਘ ਜੀ ਦੀ ਪ੍ਰਧਾਨਗੀ ਹੇਠ ਮਨਾਉਣ ਨੂੰ ਅਤਿ ਉਚਿਤ ਦੱਸਦਿਆਂ ਕਿਹਾ ਕਿ ਜਿਵੇਂ ਭਗਤ ਰਵਿਦਾਸ ਜੀ ਆਪਣੇ ਸਮੇਂ ਵਿੱਚ ਚਾਰ ਵਾਰ, ਛੂਤ-ਛਾਤ ਤੇ ਹੋਰ ਸਮਾਜਿਕ ਬੁਰਾਈਆਂ ਵਿਰੁੱਧ ਲੜੇ, ਉਸੇ ਤਰ੍ਹਾਂ ਅੱਜ ਭਗਤ ਪੂਰਨ ਸਿੰਘ ਜੀ ਜਿੱਥੇ ਸਮਾਜਿਕ ਬੁਰਾਈਆਂ ਵਿਰੁੱਧ ਲੜੇ, ਉੱਥੇ ਅਪਾਹਜ ਤੇ ਲਾਵਾਰਸ ਰੋਗੀਆਂ ਤੇ ਪਾਗਲਾਂ ਦੀ ਜੋ ਸੇਵਾ ਕਰ ਰਹੇ ਹਨ, ਉਹ ਲਾਸਾਨੀ ਹੈ । ਭਗਤ ਜੀ ਇਕ ਵਿਅਕਤੀ ਨਹੀਂ ਸਗੋਂ ਆਪਣੇ ਆਪ ਵਿੱਚ ਇਕ ਸੰਸਥਾ ਹਨ । ਸਮਾਜ ਦੇ ਜਿਸ ਅਣਗੌਲੇ ਵਰਗ ਦੀ ਜੋ ਸੇਵਾ ਉਹ ਕਰ ਰਹੇ ਹਨ, ਉਹ ਸੱਚਮੁੱਚ ਹੀ ਅਤਿ ਸਲਾਹੁਣਯੋਗ ਹੈ । ਭਗਤ ਜੀ ਦੀ ਸੇਵਾ ਦਾ ਜ਼ਿਕਰ ਕਰਦਿਆਂ ਪ੍ਰਿੰਸੀਪਲ ਸਾਹਿਬ ਨੇ ‘ਮਾਤਾ ਥੀਰੀਸਾ’ ਦੀ ਉਦਾਹਰਣ ਦੇਂਦਿਆਂ ਕਿਹਾ ਕਿ ਜਿੱਥੇ ‘ਮਾਤਾ ਥੀਰੀਸਾ’ ਨੇ ੪੨ ਸਾਲ ਦੀ ਆਯੂ ਵਿੱਚ ਲੋਕ ਭਲਾਈ ਦਾ ਕੰਮ ਸ਼ੁਰੂ ਕੀਤਾ ਸੀ ਉੱਥੇ ਭਗਤ ਜੀ ੧੯ ਸਾਲ ਦੀ ਉਮਰ ਵਿੱਚ ਹੀ ਇਸ ਕੰਮ ਨੂੰ

ਕਰਨ ਲੱਗ ਪਏ ਸਨ; ਜਿੱਥੇ 'ਮਾਤਾ ਥੀਰੀਸਾ' ਨੂੰ ਵਿਸ਼ਵ ਭਰ ਦੀਆਂ ਅਨੇਕਾਂ ਕੈਥੋਲਿਕ ਸੰਸਥਾਵਾਂ ਵੱਲੋਂ ਸਹਾਇਤਾ ਪ੍ਰਾਪਤ ਹੈ ਉੱਥੇ ਭਗਤ ਜੀ ਇਕੱਲੇ ਹੀ ਨੰਗੇ ਧੜ ਮੈਦਾਨ ਵਿੱਚ ਕੁੱਦੇ ਹੋਏ ਹਨ । ਜਿਵੇਂ ਭਾਰਤ ਸਰਕਾਰ ਤੇ ਹੋਰ ਸੰਸਥਾਵਾਂ ਵੱਲੋਂ "ਮਾਤਾ ਥੀਰੀਸਾ" ਦੀ ਹੌਸਲਾ ਅਫ਼ਜ਼ਾਈ ਕੀਤੀ ਜਾ ਰਹੀ ਹੈ ਤੇ ਮਾਣ ਦਿੱਤੇ ਜਾ ਰਹੇ ਹਨ ਉੱਥੇ ਭਗਤ ਜੀ ਦੀ ਸੇਵਾ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ, ਉਹ ਉਸ ਦੇ ਘੱਟ ਅਧਿਕਾਰੀ ਨਹੀਂ । ਭਗਤ ਪੂਰਨ ਸਿੰਘ ਜੀ ਨੇ ਆਪਣਾ ਸਾਰਾ ਜੀਵਨ ਇਸ ਸੇਵਾ ਲਈ ਅਰਪਣ ਕਰ ਦਿੱਤਾ ਹੋਇਆ ਹੈ ਤੇ ਜਿਸ ਦੇ ਬਦਲੇ ਉਹ ਕੁਝ ਵੀ ਪ੍ਰਾਪਤ ਕਰਨਾ ਨਹੀਂ ਚਾਹੁੰਦੇ । ਉਨ੍ਹਾਂ ਦੀ ਲਗਨ ਕਮਾਲ ਦੀ ਹੈ ਤੇ ਉਹ ਖਿੜੇ ਮੱਥੇ ਔਕੜਾਂ ਦਾ ਟਾਕਰਾ ਕਰਦੇ ਹੋਏ ਨਿਰੰਤਰ ਆਪਣੀ ਘਾਲਣਾ ਘਾਲ ਰਹੇ ਹਨ । ਉਨ੍ਹਾਂ ਦੀ ਸੇਵਾ ਦੀ ਜਿਤਨੀ ਵੀ ਸ਼ਲਾਘਾ ਕੀਤੀ ਜਾਵੇ ਥੋੜ੍ਹੀ ਹੈ ।

ਭਗਤ ਜੀ ਨੇ ਸਟਾਫ਼, ਵਿਦਿਆਰਥੀਆਂ ਤੇ ਬਾਹਰੋਂ ਆਏ ਪਤਵੰਤਿਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੂੰ ਔਕੜਾਂ ਦਾ ਟਾਕਰਾ ਕਰਦਿਆਂ ਹੋਇਆਂ ਸੁਚੱਜਾ ਤੇ ਸਰਲ ਜੀਵਨ ਬਿਤਾਉਣ ਦੀ ਪ੍ਰੇਰਨਾ ਦਿੱਤੀ ਤੇ ਨਰੋਆ ਜੀਵਨ ਜੀਣ ਲਈ ਕਿਹਾ । **ਉਨ੍ਹਾਂ ਕਿਹਾ ਕਿ ਵਿਹਲ ਤੇ ਆਲਸ ਸਾਡੇ ਲਈ ਅਤੀ ਹਾਨੀਕਾਰਕ ਹੈ । ਕੰਮ ਅਤੇ ਕੰਮ, ਪ੍ਰੀਸ਼ਰਮ ਤੇ ਬੁਰਾਈਆਂ ਵਿਰੁੱਧ ਸੰਘਰਸ਼ ਹੀ ਸਾਡਾ ਨਾਅਰਾ ਹੋਣਾ ਚਾਹੀਦਾ ਹੈ । ਉਨ੍ਹਾਂ ਕਿਹਾ "ਉਦੋਂ ਤੀਕ ਨਾ ਸੌਵੋਂ ਜਦ ਤਕ ਕਿ ਕੰਮ ਕਰਕੇ ਥੱਕ ਨਾ ਜਾਵੋ, ਉਦੋਂ ਤਕ ਨਾ ਖਾਓ ਜਦ ਤਕ ਕਿ ਤੁਹਾਨੂੰ ਬਹੁਤ ਭੁੱਖ ਨਾ ਲੱਗੇ, ਇਹੋ ਹੀ ਸਫਲ ਤੇ ਸੁਅਸਥ ਜੀਵਨ ਦਾ ਰਾਜ਼ ਹੈ ।"**

ਉਨ੍ਹਾਂ ਨੇ ਆਪਣੀ ਲੰਮੀ ਸਪੀਚ ਵਿੱਚ ਕਈ ਮਹਾਪੁਰਸ਼ਾਂ, ਚਿੰਤਕਾਂ ਤੇ ਵਿਦਵਾਨਾਂ ਦੀਆਂ ਟੂਕਾਂ ਸੁਣਾਈਆਂ ਤੇ ਕਈ ਪੁਸਤਕਾਂ ਦੇ ਹਵਾਲੇ ਦਿੱਤੇ । ਡਾ. ਰਾਧਾ ਕ੍ਰਿਸ਼ਨਨ, ਮਹਾਤਮਾ ਗਾਂਧੀ, ਰਸਕਿਨ ਅਤੇ ਸਿੱਖ ਗੁਰੂ ਸਾਹਿਬਾਨ ਦੇ ਹਵਾਲੇ ਦੇ ਦੇ ਕੇ ਉਨ੍ਹਾਂ ਆਪਣੇ ਪੱਖ ਨੂੰ ਪੇਸ਼ ਕੀਤਾ ।

ਮਜ਼ੇਦਾਰ ਗੱਲ ਇਹ ਸੀ ਕਿ ਬਾਵਜੂਦ ਲੰਮੇ ਭਾਸ਼ਨ ਦੇ, ਸਰੋਤੇ ਅੰਤਰ ਮੁਗਧ ਹੋ ਕੇ ਸੁਣ ਰਹੇ ਸਨ ਤੇ ਭਗਤ ਜੀ ਕਿਸੇ ਵਿਸਮਾਦ ਵਿੱਚ ਆਏ ਹੋਏ ਸਰੋਤਿਆਂ ਨਾਲ ਆਪਣੇ ਵਿਸਮਾਦ ਸਾਂਝੇ ਕਰ ਰਹੇ ਸਨ । ਭਾਸ਼ਨ ਦੇਂਦਿਆਂ ਇਸ ਤਰ੍ਹਾਂ ਜਾਪਦਾ ਸੀ ਕਿ ਭਗਤ ਜੀ ਵਜਦ ਵਿੱਚ ਆਏ ਹੋਏ ਕਿਸੇ ਲਗਨ ਦੀ ਪੂਰਤੀ ਦਾ ਹੱਲ ਪ੍ਰਾਪਤ ਕਰਦੇ ਹੋਏ ਅਤਿ ਪ੍ਰਸੰਨ ਹੋ ਰਹੇ ਹਨ ।



ਉਨ੍ਹਾਂ ਦੇ ਵਿਚਾਰਾਂ ਦਾ ਪ੍ਰਭਾਵ ਇਤਨਾ ਤੀਬਰ ਸੀ ਕਿ ਕਿਸੇ ਦਾ ਦਿਲ ਵੀ ਉੱਠਣ ਨੂੰ ਨਹੀਂ ਸੀ ਕਰਦਾ । ਵਿਦਿਆਰਥੀਆਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਹੋਇਆਂ ਭਗਤ ਜੀ ਨੇ ਅਗਲੇ ਦਿਨ ਵੀ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਤੇ ਲਿਟਰੇਚਰ ਵੰਡਿਆ ।

## ਡੀ.ਏ.ਵੀ.ਕਾਲਜ ਅੰਮ੍ਰਿਤਸਰ

ਡੀ.ਏ.ਵੀ. ਕਾਲਜ ਅੰਮ੍ਰਿਤਸਰ ਵਿੱਚ ਅੰਤਰ ਕਾਲਜ ਧਾਰਮਿਕ ਪ੍ਰਸ਼ਨੋਤਰੀ ਪ੍ਰਤੀਯੋਗਤਾ ਦੇ ਸਮੇਂ ਪ੍ਰਧਾਨਗੀ-ਪਦ ਨੂੰ ਭਗਤ ਪੂਰਨ ਸਿੰਘ ਬਾਨੀ ਪਿੰਗਲਵਾੜਾ ਨੇ ਸੁਸ਼ੋਭਿਤ ਕੀਤਾ । ਇਹ ਸਮਾਗਮ ਦਿਨ ਦੇ ਸਵਾ ਦਸ ਵਜੇ ਆਰੰਭ ਹੋਇਆ ਤੇ ਡੇਢ ਵਜੇ ਤਕ ਚਲਦਾ ਰਿਹਾ । ਭਗਤ ਪੂਰਨ ਸਿੰਘ ਜੀ ਨੇ ਜਿੱਤਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡਣ ਸਮੇਂ ਭਾਸ਼ਨ ਦੇਂਦਿਆਂ ਕਿਹਾ ਕਿ ਮੇਰੀ ਮਾਤਾ ਨੇ ਮੇਰੇ ਜਨਮ ਤੋਂ ਹੀ ਮੇਰੇ ਹਿਰਦੇ ਅੰਦਰ ਹਰ ਪਲ ਧਰਮ ਦੀ ਭਾਵਨਾ ਪੈਦਾ ਕਰਨ ਦਾ ਯਤਨ ਕੀਤਾ ਸੀ ਅਤੇ ਮੈਨੂੰ, ਸਾਰੀ ਉਮਰ ਇਹੋ ਧੁਨ ਸਮਾਈ ਰਹੀ ਹੈ ਕਿ ਮੈਂ ਦਿਨ ਰਾਤ ਧਰਮ ਪ੍ਰਚਾਰ ਕਰਾਂ ਅਤੇ ਆਪਣੀਆਂ ਤਨ, ਮਨ ਤੇ ਬੁੱਧੀ ਦੀਆਂ ਸਾਰੀਆਂ ਸ਼ਕਤੀਆਂ ਨੂੰ ਇਸੇ ਕਾਰਜ 'ਤੇ ਖ਼ਰਚ ਕਰ ਦਿਆਂ । **ਆਪਣੇ ਬੁਢਾਪੇ ਵਿੱਚ ਮੈਂ ਇਸ ਵਿਸ਼ਵਾਸ ਨਾਲ ਜਿਊਣਾ ਚਾਹੁੰਦਾ ਹਾਂ ਕਿ ਦੇਸ਼ ਦੇ ਨੌਜਵਾਨ ਧਰਮ ਵਾਲੇ ਪਾਸੇ ਤੁਰ ਰਹੇ ਹਨ ਤੇ ਆਪਣੇ ਜੀਵਨ ਨੂੰ ਧਾਰਮਿਕ ਰੰਗ ਵਿੱਚ ਰੰਗ ਰਹੇ ਹਨ ।**

ਅੰਗਰੇਜ਼ੀ ਰਾਜ ਆਉਣ ਸਮੇਂ ਆਰੀਆ ਸਮਾਜ ਨੇ ਈਸਾਈ ਕਾਲਜਾਂ ਦੇ ਮੁਕਾਬਲੇ ਵਿੱਚ ਆਪਣੇ ਕਾਲਜ ਖੋਲ੍ਹ ਕੇ ਆਪਣੀ ਸੰਸਕ੍ਰਿਤੀ ਨੂੰ ਬਚਾਉਣ ਦੇ ਉੱਦਮਾਂ ਦੀ ਪਹਿਲ ਕੀਤੀ ਸੀ । ਕਾਲਜਾਂ ਦੇ ਮੁੰਡਿਆਂ ਦੇ ਹਿਰਦਿਆਂ ਅੰਦਰ ਸਾਰੇ ਧਰਮਾਂ ਦੇ ਮਹਾਂਪੁਰਸ਼ਾਂ ਤੇ ਉਨ੍ਹਾਂ ਦੇ ਰਚੇ ਗ੍ਰੰਥਾਂ ਦਾ ਸਤਿਕਾਰ ਪੈਦਾ ਕਰਨ ਲਈ ਡੀ.ਏ.ਵੀ. ਕਾਲਜ ਨੇ ਜੋ ਨਵਾਂ ਰਾਹ ਵਿਖਾਇਆ ਹੈ ਤੇ ਇਸ ਵਿੱਚ ਜੋ ਦਿਲਚਸਪੀ ਮੇਰੇ ਸਾਹਮਣੇ ਕਾਲਜਾਂ ਦੇ ਅਧਿਆਪਕਾਂ ਅਤੇ ਇਕੱਤਰ ਹੋਏ ਵਿਦਿਆਰਥੀਆਂ ਨੇ ਵਿਖਾਈ ਹੈ ਉਸ ਤੋਂ ਮੈਨੂੰ ਵਿਸ਼ਵਾਸ ਹੋ ਗਿਆ ਹੈ ਕਿ ਜੇਕਰ ਅੱਜ ਦਾ ਉੱਦਮ ਦੇਸ਼ ਦੇ ਸਾਰੇ ਕਾਲਜਾਂ ਵਿੱਚ ਇਕ ਲਹਿਰ ਦਾ ਰੂਪ ਧਾਰਨ ਕਰ ਲਵੇ ਤਾਂ ਦੇਸ਼ ਦੇ ਨੌਜਵਾਨ ਧਰਮ ਦੇ ਘੇਰੇ ਅੰਦਰ ਸਹਿਜੇ ਹੀ ਆ ਸਕਣਗੇ । ਭਗਤ ਜੀ ਨੇ ਦੱਸਿਆ ਕਿ ਇਸ ਸਮੇਂ ਦੇਸ਼ ਦੇ ਕਾਲਜਾਂ ਅੱਗੇ ਪ੍ਰਸ਼ਨ ਇਹ ਹੈ ਕਿ ਪ੍ਰੋਫ਼ੈਸਰ ਸਾਹਿਬਾਨ ਦੇਸ਼

ਦੇ ਹਾਲਾਤ ਤੇ ਦੇਸ਼ ਦੀਆਂ ਸਮੱਸਿਆਵਾਂ ਨੂੰ ਸਨਮੁੱਖ ਰੱਖਦੇ ਹੋਏ ਦੇਸ਼ ਦੀ ਉਸਾਰੀ ਲਈ ਵਿਦਿਆਰਥੀਆਂ ਨੂੰ ਕਿਸ ਹੱਦ ਤਕ ਤਿਆਰ ਕਰਦੇ ਹਨ । ਆਪ ਨੇ ਕਿਹਾ ਕਿ ਕਿਸੇ ਸਿਆਣੇ ਦਾ ਕਥਨ ਹੈ ਕਿ ਜਿਹੜੇ ਦੇਸ਼ ਵਾਸਤੇ ਮਰਦੇ ਹਨ ਉਹ ਸ਼ਹੀਦ ਹੁੰਦੇ ਹਨ ਪਰ ਜਿਹੜੇ ਦੇਸ਼ ਲਈ ਜਿਊਂਦੇ ਹਨ ਉਹ ਭੀ ਆਪਣੀ ਥਾਂ ਉੱਤੇ ਜ਼ਿੰਦਾ ਸ਼ਹੀਦ ਹੁੰਦੇ ਹਨ ।

ਭਗਤ ਜੀ ਨੇ ਕਿਹਾ ਕਿ ਦੇਸ਼ ਨੇ ਜੋ ਸੁਤੰਤਰਤਾ ਪ੍ਰਾਪਤ ਕੀਤੀ ਹੈ ਉਸ ਵਿੱਚ ਸੱਤਿਆਗ੍ਰਹੀਆਂ ਦੀ ਜੇਲ੍ਹ ਯਾਤਰਾ ਨੇ ਸਭ ਤੋਂ ਵੱਧ ਹਿੱਸਾ ਪਾਇਆ । ਜੇਲ੍ਹ ਦੀ ਗਿਣਤੀ ਵਧਾਉਣ ਵਿੱਚ ਘੱਟ ਤੋਂ ਘੱਟ ਬੁੱਧੀ ਵਾਲਾ ਬੰਦਾ ਵੀ ਓਨਾ ਹੀ ਹਿੱਸਾ ਪਾ ਸਕਦਾ ਸੀ ਜਿੰਨਾ ਵੱਧ ਤੋਂ ਵੱਧ ਪੜ੍ਹਿਆ ਲਿਖਿਆ ਵਿਦਵਾਨ ਬੰਦਾ; ਪਰ ਦੇਸ਼ ਉਸਾਰੀ ਲਈ ਤਾਂ ਬਹੁਤ ਸਾਰੇ ਵਿਦਵਾਨ ਬੰਦਿਆਂ ਦੀ ਲੋੜ ਹੈ ਜਿਹੜੇ ਦੇਸ਼ ਦੇ ਮਸਲਿਆਂ ਨੂੰ ਸਮਝਦੇ ਹੋਣ ਤੇ ਉਨ੍ਹਾਂ ਦੇ ਹੱਲ ਦੇ ਗਿਆਨ ਤੋਂ ਦੇਸ਼ ਦੇ ਇਕ-ਇਕ ਬੰਦੇ ਨੂੰ ਜਾਣੂ ਕਰਾਉਣ ਲਈ ਤਿਆਰ ਹੋਣ ।

ਭਗਤ ਜੀ ਨੇ ਕਿਹਾ ਕਿ ਸਿਆਣੇ ਬੰਦਿਆਂ ਨੇ ਇਹ ਗੱਲ ਤੱਕੀ ਹੈ ਕਿ ਪੰਡਿਤ ਜਵਾਹਰ ਲਾਲ, ਸਰਦਾਰ ਪਟੇਲ, ਜੇ.ਪੀ. ਕ੍ਰਿਪਲਾਨੀ ਤੇ ਬਾਬੂ ਰਜਿੰਦਰ ਪ੍ਰਸ਼ਾਦ ਵਰਗੇ ਅਨੇਕਾਂ ਉੱਚੀ ਵਿੱਦਿਆ ਵਾਲੇ ਬੰਦਿਆਂ ਨੇ ਦੇਸ਼ ਨੂੰ ਸੁਤੰਤਰ ਕਰਾਉਣ ਲਈ ਜੀਵਨ ਅਰਪਣ ਕੀਤੇ; ਪਰ ਓਸੇ ਹਿਸਾਬ ਨਾਲ ਦੇਸ਼ ਦੀ ਉਸਾਰੀ ਦੇ ਕਾਰਜਾਂ ਲਈ ਓਹੋ ਜਿਹੀ ਉੱਚੀ ਵਿੱਦਿਆ ਵਾਲੇ ਬੰਦੇ ਜੀਵਨ ਅਰਪਣ ਕਰਨ ਲਈ ਮੈਦਾਨ ਵਿੱਚ ਨਹੀਂ ਨਿਤਰੇ ਜਿਹੜੇ ਦੇਸ਼ ਦੀ ਗ਼ਰੀਬੀ, ਬਿਮਾਰੀ, ਅਨਪੜ੍ਹਤਾ ਤੇ ਰੋਗ ਵਰਗੇ ਵੱਡੇ ਚਾਰ ਮਸਲਿਆਂ ਨੂੰ ਹੱਲ ਕਰਦੇ ।

ਭਗਤ ਜੀ ਨੇ ਕਿਹਾ ਕਿ ਭਾਰਤ ਦਾ ਰਾਜਸੀ ਢਾਂਚਾ ਪਰਜਾ-ਤੰਤਰ ਦਾ ਹੈ । ਪਰਜਾ-ਤੰਤਰ ਦਾ ਅਧਾਰ ਮਨੁੱਖ ਦੇ ਹਿਰਦੇ ਦੀ ਪਰਉਪਕਾਰ ਦੀ ਭਾਵਨਾ ਹੁੰਦੀ ਹੈ । ਇਹ ਭਾਵਨਾ ਉਸ ਦੇ ਅੰਦਰ ਧਰਮ ਗ੍ਰੰਥਾਂ ਦੇ ਗਿਆਨ ਤੋਂ ਪੈਦਾ ਹੋ ਸਕਦੀ ਹੈ ਜਿਹੜੇ ਉਸ ਨੂੰ ਸਤਿ, ਸੰਤੋਖ ਤੇ ਦਇਆ ਦੇ ਗੁਣਾਂ ਦੀ ਸਿੱਖਿਆ ਦਿੰਦੇ ਹੋਏ ਉਸ ਨੂੰ ਇਹ ਦੱਸਦੇ ਹਨ ਕਿ ਹਰ ਜੀਵ ਦੇ ਅੰਦਰ ਰੱਬ ਵੱਸਦਾ ਹੈ ਤੇ ਬੰਦਾ ਸਾਰੇ ਜੀਵਾਂ ਦੇ ਅਧਿਕਾਰਾਂ ਨੂੰ ਪਵਿੱਤਰ ਗਿਣਦਾ ਹੋਇਆ ਤਿਆਗ ਦੀ ਭਾਵਨਾ ਨਾਲ ਸੰਸਾਰ ਦੇ ਪਦਾਰਥਾਂ ਨੂੰ ਵਰਤੇ ਤੇ ਹੋਰਨਾਂ ਦੇ ਅਧਿਕਾਰਾਂ ਦੀ ਪਵਿੱਤਰਤਾ ਨੂੰ ਅੱਖੋਂ ਓਹਲੇ ਕਰਦਾ ਹੋਇਆ ਆਪਣੇ ਅਧਿਕਾਰਾਂ ਨੂੰ ਉਚੇਚੇ ਨਾ ਗਿਣੇ, ਜਿਸ ਦੇਸ਼ ਦੇ ਬੰਦਿਆਂ ਦੇ ਹਿਰਦਿਆਂ ਵਿੱਚ ਇਹ ਭਾਵਨਾ ਨਾ ਰਹੇ ਉਸ ਦੇਸ਼ ਦਾ ਪਰਜਾ-ਤੰਤਰ ਸਫਲ ਨਹੀਂ ਹੋ ਸਕਦਾ ।



ਦੇਸ਼ਾਂ ਦੀਆਂ ਸਮੱਸਿਆਵਾਂ ਪੁਰਾਣੀਆਂ ਵੀ ਹੁੰਦੀਆਂ ਹਨ ਤੇ ਨਵੀਆਂ ਵੀ ਪੈਦਾ ਹੁੰਦੀਆਂ ਹਨ । ਉਨ੍ਹਾਂ ਸਮੱਸਿਆਵਾਂ ਦੀ ਖੋਜ ਕਰਨੀ ਤੇ ਆਪਣੀ ਉਸ ਖੋਜ ਨੂੰ ਜਨਤਾ ਦੇ ਹਰ ਇਕ ਬੰਦੇ ਤਕ ਪਹੁੰਚਾਉਣਾ ਦੇਸ਼ ਭਗਤੀ ਦਾ ਸਭ ਤੋਂ ਜ਼ਰੂਰੀ ਲੱਛਣ ਹੁੰਦਾ ਹੈ । ਇਸ ਕਾਰਜ ਦਾ ਫ਼ਿਕਰ ਹਰ ਬੰਦੇ ਨੂੰ ਹੋਣਾ ਚਾਹੀਦਾ ਹੈ । ਤੁਸੀਂ ਉੱਚੀ ਵਿੱਦਿਆ ਕਾਲਜਾਂ ਵਿੱਚ ਪ੍ਰਾਪਤ ਕਰ ਰਹੇ ਹੋ । ਜੇ ਤੁਸੀਂ ਚਾਹੁੰਦੇ ਹੋ ਕਿ ਤੁਸੀਂ ਦੇਸ਼ ਦੀ ਸੁਤੰਤਰਤਾ ਲਈ ਕੁਰਬਾਨ ਹੋਣ ਵਾਲੇ ਬੰਦਿਆਂ ਦਾ ਕਰਜ਼ਾ ਉਤਾਰ ਸਕੋ ਤਾਂ ਤੁਹਾਨੂੰ ਦੇਸ਼ ਦੀਆਂ ਸਮੱਸਿਆਵਾਂ ਦੀ ਖੋਜ ਕਰਨੀ ਪਵੇਗੀ ਤੇ ਉਸ ਖੋਜ ਨੂੰ ਦੇਸ਼ ਦੇ ਹਰ ਬੰਦੇ ਦੇ ਕੰਨਾਂ ਤਕ ਪਹੁੰਚਾਉਣਾ ਪਵੇਗਾ, ਤਾਂ ਜੋ ਹਰ ਬੰਦਾ ਦੇਸ਼ ਭਗਤੀ ਦੀ ਭਾਵਨਾ ਨਾਲ ਦੇਸ਼-ਉਸਾਰੀ ਵਿੱਚ ਆਪਣਾ ਹਿੱਸਾ ਪਾ ਸਕੇ ।

ਭਗਤ ਜੀ ਨੇ ਕਿਹਾ ਕਿ ਜਿਉਂ-ਜਿਉਂ ਸਮਾਂ ਗੁਜ਼ਰਦਾ ਹੈ ਤਿਉਂ-ਤਿਉਂ ਦੇਸ਼ਾਂ ਵਿੱਚ ਨਵੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ । ਮਸ਼ੀਨੀ ਸੱਭਿਅਤਾ ਨੇ ਹਰ ਮੁਲਕ ਵਿੱਚ ਅਨੇਕਾਂ ਭਿਆਨਕ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਹਨ । ਆਪ ਨੇ ਕਿਹਾ ਕਿ ਸੱਭਿਅਤਾ ਕਿਸੇ ਚੈਲੰਜ ਦਾ ਉੱਤਰ ਹੋਇਆ ਕਰਦੀ ਹੈ । ਦੁਨੀਆਂ ਦੀਆਂ ੨੧ ਸੱਭਿਅਤਾਵਾਂ ਨਸ਼ਟ ਹੋ ਚੁੱਕੀਆਂ ਹਨ—ਤੇ ਕੋਈ ਸੱਭਿਅਤਾ ਉਸ ਵੇਲੇ ਨਸ਼ਟ ਹੋਇਆ ਕਰਦੀ ਹੈ ਜਦੋਂ ਉਸ ਦੀ ਰਚਨਾਤਮਿਕ ਘੱਟ ਗਿਣਤੀ ਦੀ ਰਚਨਾਤਮਿਕ ਚੰਗਿਆੜੀ ਸਮਾਪਤ ਹੋ ਜਾਇਆ ਕਰਦੀ ਹੈ । ਆਪ ਨੇ ਕਿਹਾ ਕਿ ਇਕ ਅੰਗਰੇਜ਼ ਵਿਦਵਾਨ ਨੇ ਇਸ ਗੱਲ 'ਤੇ ਚਿੰਤਾ ਪ੍ਰਗਟ ਕੀਤੀ ਹੈ ਕਿ **ਭਾਰਤ ਦੇ ਆਰਥਿਕ ਖੇਤਰ ਵਿੱਚ ਕਿਸੇ ਵੀ ਬੰਦੇ ਨੂੰ ਨਵੇਂ ਖ਼ਿਆਲ ਨਹੀਂ ਸੁੱਝ ਰਹੇ; ਪਰ ਅਸਲੀਅਤ ਇਹ ਹੈ ਕਿ ਕਿਸੇ ਵੀ ਖੇਤਰ ਵਿੱਚ ਨਵੇਂ ਖ਼ਿਆਲ ਹਮੇਸ਼ਾਂ ਨਹੀਂ ਸੁਝਦੇ ਹੁੰਦੇ । ਨਵੇਂ ਤਾਜ਼ੇ ਖ਼ਿਆਲ ਹਮੇਸ਼ਾਂ ਉਸ ਬੰਦੇ ਨੂੰ ਸੁੱਝਿਆ ਕਰਦੇ ਹਨ ਜਿਹੜਾ ਸੰਸਾਰ ਦੇ ਸਾਰੇ ਜੀਆਂ ਵਿੱਚ ਰੱਬ ਵੱਸਦਾ ਦੇਖਦਾ ਹੋਵੇ ਤੇ ਸਤਿ, ਸੰਤੋਖ ਤੇ ਦਇਆ ਦੇ ਗੁਣ ਉਸ ਦੇ ਹਿਰਦੇ ਅੰਦਰ ਵੱਸਦੇ ਹੋਣ, ਜਿਸਦੇ ਹਿਰਦੇ ਵਿੱਚ ਦੁਤੀਆ ਭਾਵ ਨਾ ਹੋਵੇ ।**

**ਸਰਵੋਦਯ ਪੁਸਤਕਾਂ ਦਾ ਬੁੱਕ ਸਟਾਲ**

੨੪ ਜਨਵਰੀ ਨੂੰ ਦੁਪਹਿਰ ਦੇ ਦੋ ਵਜੇ ਰੇਲਵੇ ਸਟੇਸ਼ਨ ਅੰਮ੍ਰਿਤਸਰ ਦੇ ਪਲੇਟ ਫਾਰਮ 'ਤੇ ਸਰਵੋਦਯ ਦੀਆਂ ਪੁਸਤਕਾਂ ਦੀ ਦੁਕਾਨ ਦੇ ਉਦਘਾਟਨ ਦੇ ਅਵਸਰ ਉੱਤੇ ਬੋਲਦਿਆਂ ਭਗਤ ਜੀ ਨੇ ਕਿਹਾ ਕਿ **ਲੰਘ ਰਹੇ ਸਮੇਂ ਵਿੱਚ**

**ਦੇਸ਼ ਅੰਦਰ ਸੱਭਿਆਚਾਰ ਤੇ ਸਦਾਚਾਰ ਦੀ ਘਾਟ ਹੈ, ਜਿਸ ਨੂੰ ਡਾਕਟਰਾਂ ਤੇ ਵੈਦਾਂ ਦੀਆਂ ਦਵਾਈਆਂ ਨਾਲ ਦੂਰ ਨਹੀਂ ਕੀਤਾ ਜਾ ਸਕਦਾ । ਇਸ ਘਾਟ ਨੂੰ ਦੂਰ ਕਰਨ ਲਈ ਬੱਚਿਆਂ ਵਾਲੇ ਹਰ ਘਰ ਦੇ ਮਾਪਿਆਂ ਨੂੰ ਤੇ ਹਰ ਸਕੂਲ ਦੇ ਅਧਿਆਪਕਾਂ ਨੂੰ ਫ਼ਿਕਰ ਤੇ ਉੱਦਮ ਕਰਨਾ ਪਵੇਗਾ । ਜਿਹੜੀ ਮਾਂ ਕਿਸੇ ਬੱਚੇ ਨੂੰ ਪਾਲ ਰਹੀ ਹੈ ਉਹ ਉਸ ਨੂੰ ਦਿਨ ਰਾਤ ਦੇ ੨੪ ਘੰਟਿਆਂ ਵਿੱਚ ਜੇਕਰ ਅਨੇਕਾਂ ਵਾਰ ਨਹੀਂ ਤਾਂ ਘੱਟੋ ਘੱਟ ਰਾਤ ਨੂੰ ਸੌਣ ਲੱਗਿਆਂ ਭਾਰਤ ਦੇ ਮਹਾਪੁਰਸ਼ਾਂ, ਸੰਤਾਂ ਭਗਤਾਂ ਤੇ ਸ਼ਹੀਦਾਂ ਦੀਆਂ ਕਥਾਵਾਂ ਸੁਣਾਵੇ ਜਿਨ੍ਹਾਂ ਨੇ ਸਤਿ, ਸੰਤੋਖ ਤੇ ਦਇਆ ਦੇ ਕਾਰਜਾਂ ਲਈ ਸ਼ਹੀਦੀਆਂ ਪਾਈਆਂ, ਦੁੱਖੜੇ ਕੱਟੇ ਜਾਂ ਕਠਨ ਘਾਲਾਂ ਘਾਲੀਆਂ ।** ਇਹ ਕੰਮ ਸਕੂਲਾਂ ਦੇ ਅਧਿਆਪਕਾਂ ਨੂੰ ਵੀ ਕਰਨਾ ਚਾਹੀਦਾ ਹੈ । ਭਗਤ ਜੀ ਨੇ ਕਿਹਾ ਕਿ ਭਾਰਤ ਦੀ ਸੱਭਿਅਤਾ ਦੁਨੀਆਂ ਦੀ ਬਹੁਤ ਪੁਰਾਣੀ ਸੱਭਿਅਤਾ ਹੈ ਤੇ ਇਸ ਤੋਂ ਪਿੱਛੋਂ ਪੈਦਾ ਹੋਣ ਵਾਲੀਆਂ ਅਨੇਕਾਂ ਸੱਭਿਅਤਾਵਾਂ ਨਸ਼ਟ ਹੋ ਚੁੱਕੀਆਂ ਹਨ । ਸਾਡੀ ਸੱਭਿਅਤਾ ਉੱਤੇ ਬੜੇ ਬੜੇ ਹਮਲੇ ਹੋਏ ਤੇ ਬੜੇ ਜ਼ੁਲਮ ਹੋਏ; ਪਰ ਇਹ ਇਸ ਲਈ ਜਿਊਂਦੀ ਰਹੀ ਕਿਉਂਕਿ ਇਸ ਸੱਭਿਅਤਾ ਦੀ ਰੱਖਿਆ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਜੈਸੇ ਅਣਗਿਣਤ ਮਹਾਂਪੁਰਸ਼ ਪੈਦਾ ਹੁੰਦੇ ਰਹੇ, ਮੁਸੀਬਤਾਂ ਝੱਲਦੇ ਰਹੇ ਤੇ ਕੁਰਬਾਨੀਆਂ ਕਰਦੇ ਰਹੇ । ਭਗਤ ਜੀ ਨੇ ਕਿਹਾ ਕਿ ਜਿਸ ਦੇਸ਼ ਦੇ ਬੰਦਿਆਂ ਵਿੱਚ ਸੱਚਾਈ ਦੀ ਭਾਵਨਾ ਘਟ ਜਾਂਦੀ ਹੈ ਉਹ ਕਦੇ ਵੀ ਸ਼ਾਂਤੀ ਨਾਲ ਨਹੀਂ ਜੀਅ ਸਕਦਾ । ਉਸ ਦੇਸ਼ ਦੇ ਰਾਜਸੀ ਬੰਦੇ ਰਾਜ-ਸੱਤਾ ਦੀ ਪ੍ਰਾਪਤੀ ਲਈ ਆਪਸ ਵਿੱਚ ਘੋਲ ਘੁਲਦੇ ਹੋਏ ਦੇਸ਼ ਨੂੰ ਖ਼ਾਨਾ-ਜੰਗੀ ਵਿੱਚ ਫਸਾ ਕੇ ਉਸ ਨੂੰ ਬਰਬਾਦ ਕਰ ਦਿੱਤਾ ਕਰਦੇ ਹਨ । ਉਸਦੇ ਦੁਕਾਨਦਾਰ ਖਾਣ-ਪੀਣ ਦੀ ਹਰ ਵਸਤ ਵਿੱਚ ਮਿਲਾਵਟ ਕਰਨਗੇ ਤੇ ਸਾਰੀ ਜਨਤਾ ਦੀ ਸਿਹਤ ਨਾਲ ਖਿਲਵਾੜ ਕਰਨਗੇ । ਉਹ ਦੇਸ਼ ਕਦੇ ਸਫਲ ਤਜਾਰਤੀ ਤੇ ਖੁਸ਼ਹਾਲ ਨਹੀਂ ਹੋ ਸਕਦਾ, ਕਿਉਂਕਿ ਉਹ ਆਪਣੇ ਮਾਲ ਦਾ ਨਮੂਨਾ ਕੁਝ ਦਿਖਾਉਣਗੇ ਪਰ ਮਾਲ ਘਟੀਆ ਤੇ ਹੋਰ ਦਾ ਹੋਰ ਭੇਜਣਗੇ, ਜਿਸ ਕਾਰਨ ਕੋਈ ਦੇਸ਼ ਵੀ ਉਸ ਦੀਆਂ ਬਣੀਆਂ ਹੋਈਆਂ ਵਸਤਾਂ ਨੂੰ ਨਹੀਂ ਖ਼ਰੀਦੇਗਾ ।

ਅਜਿਹੇ ਦੇਸ਼ਾਂ ਦੇ ਬੰਦਿਆਂ ਦਾ ਆਚਰਣ ਵੀ ਨੀਵਾਂ ਹੋ ਜਾਂਦਾ ਹੈ । ਉਹ ਵਿਸ਼ਿਆਂ ਨੂੰ ਭੋਗਦੇ ਹੋਇਆਂ ਕਮਜ਼ੋਰ ਵੀ ਹੋ ਜਾਇਆ ਕਰਦੇ ਹਨ ਤੇ ਬਿਮਾਰ ਵੀ । ਭਗਤ ਜੀ ਨੇ ਕਿਹਾ ਕਿ ਸਾਇੰਸ ਨੇ ਹਾਈਡ੍ਰੋਜਨ ਬੰਬ ਜੈਸੇ ਮਾਰੂ ਹਥਿਆਰ ਤਿਆਰ ਕਰਾ ਦਿੱਤੇ ਹਨ ਕਿ ਇਕ ਬਟਨ ਦਬਾ ਕੇ



ਕੋਈ ਬੰਦਾ ਦੋ ਤਿਹਾਈ ਦੁਨੀਆਂ ਨੂੰ ਬਰਬਾਦ ਕਰ ਸਕਦਾ ਹੈ । ਭਗਤ ਜੀ ਨੇ ਕਿਹਾ ਕਿ ਮਨੁੱਖ ਨੂੰ ਸਤਿ, ਸੰਤੋਖ ਤੇ ਦਇਆ ਦਾ ਗਿਆਨ ਕਰਾਉਣ ਵਾਲੇ ਗ੍ਰੰਥ ਸਭ ਤੋਂ ਪਹਿਲਾਂ ਸਾਡੇ ਦੇਸ਼ ਭਾਰਤ ਵਿੱਚ ਹੀ ਪੈਦਾ ਹੋਏ ਸਨ । ਅੱਜ ਭਾਰਤਵਾਸੀਆਂ ਦਾ ਕਰਤੱਵ ਬਣਦਾ ਹੈ ਕਿ ਉਹ ਦੁਨੀਆਂ ਦੇ ਬੰਦਿਆਂ ਨੂੰ ਹਾਈਡ੍ਰੋਜਨ ਬੰਬ ਜੈਸੇ ਮਾਰੂ ਹਥਿਆਰਾਂ ਤੋਂ ਹੋਣ ਵਾਲੀ ਬਰਬਾਦੀ ਤੋਂ ਬਚਾਉਣ ਲਈ ਆਪਣੇ ਧਰਮ ਗ੍ਰੰਥ ਦਾ ਉਪਦੇਸ਼ ਨਾ ਕੇਵਲ ਆਪਣੇ ਦੇਸ਼ ਦੇ ਕੋਨੇ-ਕੋਨੇ ਵਿੱਚ ਪੁਚਾ ਦੇਣ ਸਗੋਂ ਦੁਨੀਆਂ ਦੇ ਕੋਨੇ-ਕੋਨੇ ਵਿੱਚ ਵੀ ਪਹੁੰਚਾਉਣ। ਸਾਡਾ ਪਰਜਾ-ਤੰਤਰ ਉਸੇ ਸੂਰਤ ਵਿੱਚ ਸਫਲ ਹੋ ਸਕਦਾ ਹੈ ਜੇਕਰ ਸਾਡੇ ਦੇਸ਼ ਦੀ ਜਨਤਾ ਦਾ ਆਚਰਣ ਉੱਚਾ ਹੋਵੇ—ਤੇ ਆਚਰਣ ਤਦੋਂ ਉੱਚਾ ਹੋ ਸਕਦਾ ਹੈ ਜੇਕਰ ਅਸੀਂ ਧਰਮ ਗ੍ਰੰਥਾਂ ਨੂੰ ਪੜ੍ਹਾਂਗੇ ਜਾਂ ਸੁਣਾਂਗੇ । ਇਸ ਲਈ ਜਿਹੜਾ ਬੰਦਾ ਆਪਣੇ ਦੇਸ਼ ਵਾਸੀਆਂ ਨੂੰ ਧਰਮ ਦੀ ਸਿੱਖਿਆ ਦੇ ਕੇ ਆਚਰਣ ਨੂੰ ਉੱਚਾ ਚੁੱਕਦਾ ਹੈ ਉਹ ਸਭ ਤੋਂ ਵੱਡਾ ਦੇਸ਼ ਭਗਤ ਹੈ ।

## ਮਕਾਨ ਦੀ ਚੱਠ ਸਮੇਂ

ਪਿੱਛੇ ਜਿਹੇ ਸਰਦਾਰ ਨਿਰੰਜਨ ਸਿੰਘ ਓਵਰਸੀਅਰ ਮਹਿਕਮਾ ਨਹਿਰ ਅੰਮ੍ਰਿਤਸਰ ਦੇ ਨਵੇਂ ਮਕਾਨ ਦੀ ਚੱਠ ਸਮੇਂ ਭਾਸ਼ਨ ਦੇਂਦਿਆਂ ਭਗਤ ਜੀ ਨੇ ਕਿਹਾ ਕਿ ਦੇਸ਼ ਵਿੱਚ ਅਣਗਿਣਤ ਲੋਕ ਅਜਿਹੇ ਹਨ ਜਿਨ੍ਹਾਂ ਦੇ ਪਾਸ ਮਕਾਨ ਨਹੀਂ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਸੁਖਮਨੀ ਵਿੱਚ ਮਕਾਨ ਨੂੰ ਭੀ ਇਕ ਬਖ਼ਸ਼ਿਸ਼ ਗਿਣਿਆ ਹੈ :-

**"ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥**
**ਤਿਸਹਿ ਧਿਆਇ ਸਦਾ ਮਨ ਅੰਦਰਿ ॥" (ਅੰ:੨੬੯)**

ਭਗਤ ਜੀ ਨੇ ਕਿਹਾ, ਆਪ ਨੂੰ ਵਾਹਿਗੁਰੂ ਵੱਲੋਂ ਮਕਾਨ ਦੀ ਦਾਤ ਮਿਲੀ ਹੈ, ਇਸ ਲਈ ਆਪ ਨੂੰ ਵਾਹਿਗੁਰੂ ਦਾ ਧੰਨਵਾਦ ਕਰਨਾ ਚਾਹੀਦਾ ਹੈ । ਆਪਣੇ ਮਕਾਨ ਵਿੱਚ ਦਾਖ਼ਲ ਹੁੰਦਿਆਂ ਆਪ ਨੂੰ ਉਨ੍ਹਾਂ ਲੱਖਾਂ ਦਾ ਖ਼ਿਆਲ ਕਰਨਾ ਚਾਹੀਦਾ ਹੈ ਜੋ ਬੇਘਰ ਹਨ । ਜੇ ਮਨੁੱਖ ਦੋਹਾਂ ਗੱਲਾਂ ਨੂੰ ਧਿਆਨ ਵਿੱਚ ਨਾ ਰੱਖੇ ਤਾਂ ਗੁਮਰਾਹ ਤੇ ਬੇਪਰਵਾਹ ਹੋ ਸਕਦਾ ਹੈ ।

ਆਪ ਨੇ ਕਿਹਾ ਕਿ ਬੇਘਰ ਤੇ ਬੇਸਹਾਰਾ ਲੋਕਾਂ ਲਈ ਜੇ ਕੋਈ ਟਿਕਾਣਾ ਹੁੰਦਾ ਹੈ ਤਾਂ ਉਹ ਧਰਮ ਸਥਾਨ ਹਨ, ਜਿੱਥੇ ਉਹ ਸਹਾਰਾ ਲੈਂਦੇ ਹਨ, ਖਾਣਾ ਖਾਂਦੇ ਹਨ । ਆਪ ਨੇ ਕਿਹਾ ਕਿ ਮੈਂ ਆਪਣੀ ੨੦ ਸਾਲ ਦੀ

ਉਮਰ ਵਿੱਚ ਬੇਘਰ ਹੋ ਗਿਆ ਸਾਂ । ਗੁਰਦੁਆਰਾ ਡੇਹਰਾ ਸਾਹਿਬ ਵਿੱਚ ਉਹ ਸਭ ਸਹੂਲਤਾਂ ਮੈਨੂੰ ਪ੍ਰਾਪਤ ਹੁੰਦੀਆਂ ਰਹੀਆਂ ਜੋ ਕਿਸੇ ਨੂੰ ਘਰ ਵਿੱਚ ਮਿਲ ਸਕਦੀਆਂ ਹਨ । ਉਨ੍ਹਾਂ ਸਹੂਲਤਾਂ ਦਾ ਸਦਕਾ ਮੈਂ ਦੇਸ਼ ਦੇ ਪ੍ਰਾਣੀ-ਮਾਤਰ ਦੀ ਸੇਵਾ ਭੀ ਕਈ ਢੰਗਾਂ ਨਾਲ ਕੀਤੀ ਹੈ, ਮੇਰੀ ਮਾਂ ਦੀ ਲੰਮੀ ਬਿਮਾਰੀ ਦਾ ਸਮਾਂ ਭੀ ਮੁੱਖ ਗੁਰਦੁਆਰਿਆਂ ਦੀ ਹੱਦ ਵਿੱਚ ਕੱਟਿਆ ਜਿੱਥੇ ਮੈਂ ਉਸ ਦੀ ਸੰਭਾਲ ਕੀਤੀ । ਇਸ ਲਈ ਤੁਸੀਂ ਬੇਘਰ ਲੋਕਾਂ ਦਾ ਖ਼ਿਆਲ ਕਰਕੇ ਗੁਰਦੁਆਰਿਆਂ ਲਈ ਦਸਵੰਧ ਕੱਢਿਆ ਕਰੋ, ਗੁਰਦੁਆਰੇ ਜਾਇਆ ਕਰੋ, ਸੁਖਮਨੀ ਸਾਹਿਬ ਦੀ ਬਾਣੀ ਦਾ ਪਾਠ ਕਰਿਆ ਕਰੋ । ਇਹ ਬਾਣੀ ਸਾਨੂੰ ਪ੍ਰਮਾਤਮਾ ਦੀਆਂ ਦਾਤਾਂ ਦਾ ਪਤਾ ਭੀ ਦੇਂਦੀ ਹੈ ਤੇ ਉਸ ਦੀਆਂ ਦਾਤਾਂ ਲਈ ਉਸ ਦੇ ਧੰਨਵਾਦੀ ਹੋਣ ਦੀ ਸਿੱਖਿਆ ਭੀ ਦੇਂਦੀ ਹੈ ।

ਆਪ ਨੇ ਕਿਹਾ ਕਿ ਹੁਣ ਦੇ ਸਮੇਂ ਵਿੱਚ, ਆਮ ਲੋਕਾਂ ਦੀ ਮੂਰਖਤਾ ਕਰਕੇ ਦੇਸ਼ ਦੇ ਕਰੋੜਾਂ ਲੋਕ ਘਰਾਂ ਵਾਲੇ ਹੁੰਦਿਆਂ ਹੋਇਆਂ ਭੀ ਬੇਘਰੇ ਬਣਦੇ ਜਾ ਰਹੇ ਹਨ, ਕਿਉਂਕਿ ਬੇਰੁਜ਼ਗਾਰੀ ਕਰਕੇ ਪਿੰਡਾਂ ਦੇ ਲੋਕਾਂ ਨੂੰ ਸ਼ਹਿਰਾਂ ਵੱਲ ਦੌੜਣਾ ਪੈ ਰਿਹਾ ਹੈ । ਪਿੰਡਾਂ ਦੀ ਬੇਰੁਜ਼ਗਾਰੀ ਇਸ ਲਈ ਹੈ ਕਿ ਲੋਕ ਹੱਥਾਂ ਦੀਆਂ ਬਣੀਆਂ ਚੀਜ਼ਾਂ ਖੱਦਰ ਆਦਿ ਛੱਡ ਕੇ ਮਸ਼ੀਨਾਂ ਦੀਆਂ ਬਣੀਆਂ ਚੀਜ਼ਾਂ ਖ਼ਰੀਦਦੇ ਹਨ । ਜੇ ਦੇਸ਼ ਦੇ ਜਨ-ਸਧਾਰਨ, ਪਿੰਡਾਂ ਦੇ ਲੋਕਾਂ ਦੀਆਂ ਹੱਥ ਦੀਆਂ ਬਣਾਈਆਂ ਚੀਜ਼ਾਂ ਖ਼ਰੀਦਣ ਤਾਂ ਪਿੰਡਾਂ ਵਾਲੇ ਆਪਣੇ ਖੁੱਲ੍ਹੇ ਹਵਾਦਾਰ ਮਕਾਨਾਂ ਵਿੱਚ ਵੱਸਦੇ ਰਹਿ ਸਕਦੇ ਹਨ । ਸ਼ਹਿਰ ਵਿੱਚ ਆ ਕੇ ਉਹ ਲੋਕ ਸੜਕਾਂ ਦੇ ਕਿਨਾਰੇ ਜਾਂ ਝੌਂਪੜੀਆਂ ਬਣਾ ਕੇ ਗੰਦੀਆਂ ਬਸਤੀਆਂ ਵਿੱਚ ਰਹਿੰਦੇ ਹਨ । ਉੱਥੇ ਨਾ ਗੁਰਦੁਆਰਾ ਹੁੰਦਾ ਹੈ, ਨਾ ਮੰਦਰ, ਨਾ ਮਸੀਤ ਬਣਾਉਣ ਲਈ ਥਾਂ ਤੇ ਨਾ ਟੱਟੀ ਹੁੰਦੀ ਹੈ । ਏਹੋ ਜਿਹੀਆਂ ਬਸਤੀਆਂ ਵਿੱਚ ਉਹ ਆਪ ਭੀ ਨਰਕ ਭੋਗਦੇ ਹਨ ਤੇ ਕਈ ਮੁਸੀਬਤਾਂ ਝੱਲਦੇ ਹਨ ਅਤੇ ਸ਼ਹਿਰਾਂ ਦੀ ਵੱਸੋਂ ਵਧਾ ਕੇ ਉਨ੍ਹਾਂ ਨੂੰ ਭੀ ਨਰਕ ਬਣਾ ਰਹੇ ਹਨ ।

ਆਬਾਦੀ ਵਧ ਜਾਣ ਦੇ ਕਾਰਨ, ਸ਼ਹਿਰਾਂ ਦੀ ਹਵਾ ਗੰਦੀ ਹੋ ਰਹੀ ਹੈ । ਕਾਰਖ਼ਾਨੇ ਤੇ ਟਰੱਕਾਂ ਦੀ ਆਪਣੀ ਤੇ ਉਨ੍ਹਾਂ ਦੇ ਹਾਰਨਾਂ ਦੀ ਆਵਾਜ਼ ਦੇ ਰੌਲੇ ਨਾਲ ਕਈ ਨਵੇਂ ਭਿਆਨਕ ਰੋਗ ਪੈਦਾ ਹੋ ਰਹੇ ਹਨ । ਮੋਟਰਕਾਰਾਂ ਦੇ ਹਾਦਸਿਆਂ ਨਾਲ ਲੋਕ ਅਣਿਆਈ ਮੌਤੇ ਮਰ ਰਹੇ ਹਨ । ਤੁਸੀਂ ਪਿੰਡਾਂ ਵਾਲਿਆਂ ਦੀਆਂ ਬਣਾਈਆਂ ਚੀਜ਼ਾਂ ਖ਼ਰੀਦ ਕੇ ਪਿੰਡਾਂ ਵਾਲਿਆਂ ਨੂੰ ਬੇਘਰ ਹੋਣ ਤੋਂ ਬਚਾਉ ।



**ਅਨੰਦ ਕਾਰਜ ਸਮੇਂ**

ਸ: ਮਹਿੰਦਰ ਸਿੰਘ ਜੀ ਭਾਟੀਆ ਦੀ ਲੜਕੀ ਦੇ ਅਨੰਦ ਕਾਰਜ ਸਮੇਂ ਭਗਤ ਪੂਰਨ ਸਿੰਘ ਜੀ ਨੇ ਜੋੜੀ ਨੂੰ ਅਸ਼ੀਰਵਾਦ ਦਿੰਦਿਆਂ ਕਿਹਾ ਕਿ ਸਮਾਂ ਆ ਚੁੱਕਾ ਹੈ ਜਦੋਂ ਕਿ ਵਧ ਰਹੀ ਆਬਾਦੀ ਦੇ ਕਾਰਨ ਦੇਸ਼ ਤੇ ਸੰਸਾਰ ਦੇ ਹਾਲਾਤ ਅਜਿਹੇ ਹੋ ਚੁੱਕੇ ਹਨ ਕਿ ਉਨ੍ਹਾਂ ਦਾ ਇਲਾਜ ਬੁਨਿਆਦੀ ਤੌਰ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੇਠ ਲਿਖੇ ਸ਼ਬਦ ਦੇ ਭਾਵ ਨੂੰ ਧਿਆਨ ਵਿੱਚ ਰੱਖਣ ਵਿੱਚ ਹੈ :-

**ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥**

**(ਅੰ:੯੫੨)**

ਗੁਰੂ ਸਾਹਿਬ ਅਨੁਸਾਰ ਗ੍ਰਿਹਸਥ ਆਸ਼ਰਮ ਅੰਦਰ ਸਹੀ ਅਰਥਾਂ ਵਿੱਚ ਸਫਲ ਗ੍ਰਿਹਸਥੀ ਉਹ ਹੀ ਹੈ ਜੋ ਆਪਣੇ ਮਨ ਨੂੰ ਨਾਮ ਦੁਆਰਾ, ਜਪ ਤਪ ਦੁਆਰਾ ਸੰਜਮ ਵਿੱਚ ਰੱਖ ਲੈਂਦਾ ਹੈ ਤੇ ਇਸ ਤਰ੍ਹਾਂ ਮਨ ਨੂੰ ਬੇਕਾਬੂ ਘੋੜੇ ਵਾਂਗ ਨਹੀਂ ਚੱਲਣ ਦਿੰਦਾ ।

ਮਨੁੱਖ ਜਦੋਂ ਆਤਮ ਰਸ ਪ੍ਰਾਪਤ ਕਰਕੇ ਭਾਰਾ ਗਉਰਾ ਹੋ ਜਾਂਦਾ ਹੈ ਤਾਂ ਉਸ ਨੂੰ ਪਦਾਰਥਕ ਰਸ ਫੋਕੇ ਹੋ ਕੇ ਦਿੱਸਣ ਲੱਗ ਪੈਂਦੇ ਹਨ । ਮੰਦੀਆਂ ਨੀਵੀਆਂ ਵਾਸ਼ਨਾਵਾਂ ਉਸ ਦੇ ਅੰਦਰ ਉੱਠਦੀਆਂ ਨਹੀਂ ਮਹਾਨ ਆਤਮ ਰਸ ਦੇ ਮੁਕਾਬਲੇ ਵਿੱਚ ਇਹ ਫਿੱਕੀਆਂ ਹੋ ਜਾਂਦੀਆਂ ਹਨ; ਜੈਸਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦ ਤੋਂ ਪ੍ਰਗਟ ਹੁੰਦਾ ਹੈ:

**ਇਹ ਰਸ ਛਾਡੇ ਉਹ ਰਸੁ ਆਵਾ ॥**
**ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥ (ਅੰਗ ੩੪੨)**

ਪਰ ਚੇਤਾ ਰਹੇ ਕਿ ਇਹ ਪ੍ਰਾਪਤੀ ਕੋਈ ਆਸਾਨ ਨਹੀਂ ਹੈ—

**"ਮੁਰਦਾ ਹੋਇ ਮੁਰੀਦੁ ਨਾ ਗਲੀ ਹੋਵਣਾ ।"**

**(ਵਾਰ ਭਾਈ ਗੁਰਦਾਸ ਜੀ)**

**"ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥"**

**(ਅੰਗ ੯੧੮)**

(ਜੀਵਨ ਲਹਿਰ ਅਪ੍ਰੈਲ 1977 ਵਿੱਚੋਂ)

::

# ਸਰਕਾਰੀ ਹਾਈ ਸਕੂਲ ਫਗਵਾੜਾ ਵਿਖੇ ਭਗਤ ਪੂਰਨ ਸਿੰਘ ਦਾ ਭਾਸ਼ਨ

**ਸੁਤੰਤਰਤਾ ਦੀ ਪ੍ਰਾਪਤੀ ਕੋਈ ਪ੍ਰਾਪਤੀ ਨਹੀਂ, ਇਹ ਤਾਂ ਕੇਵਲ ਇਕ ਅਵਸਰ ਹੈ । —ਜਵਾਹਰ ਲਾਲ ਨਹਿਰੂ**

**Freedom is not an achievement it is an opportunity. —Jawahar Lal Nehru.**

ਫਗਵਾੜਾ (੨੨ ਜੂਨ ੧੯੮੧): ਅੱਜ ਸਰਕਾਰੀ ਹਾਈ ਸਕੂਲ ਫਗਵਾੜਾ ਵਿਖੇ ਬੋਲਦਿਆਂ ਭਗਤ ਪੂਰਨ ਸਿੰਘ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਤੁਹਾਡੇ ਸਕੂਲ ਵਿੱਚ ਦੇਸ਼ ਦੇ ਜਿਨ੍ਹਾਂ ਆਗੂਆਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ ਉਨ੍ਹਾਂ ਵਿੱਚੋਂ ਇਕ ਤਸਵੀਰ ਪੰਡਿਤ ਜਵਾਹਰ ਲਾਲ ਨਹਿਰੂ ਦੀ ਹੈ। ਪੰ: ਜਵਾਹਰ ਲਾਲ ਨਹਿਰੂ ਜਦੋਂ ਇੰਗਲੈਂਡ ਤੋਂ (ਬੈਰਿਸਟਰੀ) ਵਕਾਲਤ ਪਾਸ ਕਰਕੇ ਆਏ ਸਨ ਤਾਂ ਉਨ੍ਹਾਂ ਨੇ ਧਨ ਕਮਾਉਣ ਜਾਂ ਹਾਈਕੋਰਟ ਦਾ ਜੱਜ ਬਣਨ ਲਈ ਵਕਾਲਤ ਕਰਨ ਦਾ ਖ਼ਿਆਲ ਨਾ ਕੀਤਾ, ਬਲਕਿ ਦੇਸ਼ ਨੂੰ ਸੁਤੰਤਰ ਕਰਾਉਣ ਲਈ ਸੁਤੰਤਰਤਾ ਦੇ ਅੰਦੋਲਨ ਵਿੱਚ ਸਰਗਰਮ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਆਪ ਨੇ ਘਰ ਦੇ ਸੁੱਖ-ਅਰਾਮ ਛੱਡ ਕੇ ਦੇਸ਼-ਵਾਸੀਆਂ ਨੂੰ ਸੁਤੰਤਰਤਾ ਦੇ ਸੰਗਰਾਮ ਲਈ ਤਿਆਰ ਕਰਨ ਵਿੱਚ ਜਿੱਥੇ ਦਿਨ ਰਾਤ ਇਕ ਕੀਤਾ ਉੱਥੇ ਕੈਦਾਂ ਵੀ ਕੱਟੀਆਂ ।

ਦੇਸ਼ ਦੀ ਸੁਤੰਤਰਤਾ ਦੀ ਪ੍ਰਾਪਤੀ ਲਈ ਹਜ਼ਾਰਾਂ ਬੰਦੇ ਕੈਦ ਹੋਏ, ਜਾਇਦਾਦਾਂ ਜ਼ਬਤ ਹੋਈਆਂ, ਫ਼ਾਂਸੀਆਂ 'ਤੇ ਵੀ ਬੰਦੇ ਚੜ੍ਹੇ ਤੇ ਦੇਸ਼-ਨਿਕਾਲੇ ਵੀ ਹੋਏ; ਪਰ ਸੁਤੰਤਰਤਾ ਦੀ ਪ੍ਰਾਪਤੀ ਦੇ ਪਿੱਛੋਂ ਪੰਡਿਤ ਜਵਾਹਰ ਲਾਲ ਨੇ ਕਿਹਾ ਕਿ ਸੁਤੰਤਰਤਾ ਦੀ ਪ੍ਰਾਪਤੀ ਕੋਈ ਪ੍ਰਾਪਤੀ ਨਹੀਂ ਇਹ ਤਾਂ ਕੇਵਲ ਇਕ ਅਵਸਰ ਹੈ। ਇਨ੍ਹਾਂ ਸ਼ਬਦਾਂ ਤੋਂ ਪੰਡਿਤ ਜੀ ਦਾ ਭਾਵ ਇਹ ਸੀ ਕਿ ਸੁਤੰਤਰਤਾ ਦੀ ਪ੍ਰਾਪਤੀ ਇਕ ਪੁਰਾਣੀ ਇਮਾਰਤ ਨੂੰ ਗਿਰਾਉਣਾ ਸੀ, ਜਿਸ ਦੀ ਥਾਂ ਉੱਤੇ ਇਕ ਨਵੀਂ ਇਮਾਰਤ ਦੀ ਉਸਾਰੀ ਕੀਤੀ ਜਾਣ ਦੀ ਲੋੜ ਹੈ ।

ਭਗਤ ਜੀ ਨੇ ਕਿਹਾ ਕਿ ਕਿਸੇ ਇਮਾਰਤ ਨੂੰ ਗਿਰਾਉਣ ਲਈ ਕਿਸੇ ਵੱਡੇ ਇੰਜੀਨੀਅਰ ਦੀ ਲੋੜ ਨਹੀਂ ਹੁੰਦੀ, ਆਮ ਸਾਧਾਰਣ ਮਜ਼ਦੂਰ ਹੀ ਉਸ ਨੂੰ ਢਾਹ ਲਿਆ ਕਰਦੇ ਹਨ; ਪਰ ਨਵੀਂ ਉਸਾਰੀ ਦੀ ਇਕੱਲੀ-ਇਕੱਲੀ ਇੱਟ ਕਿਸੇ ਇੰਜੀਨੀਅਰ ਦੀ ਨਿਗਰਾਨੀ ਹੇਠ ਲੱਗਿਆ ਕਰਦੀ ਹੈ। ਭਗਤ ਜੀ ਨੇ ਕਿਹਾ ਕਿ ਦੇਸ਼ ਦੀ ਸੁਤੰਤਰਤਾ ਦੀ ਪ੍ਰਾਪਤੀ ਲਈ ਕੈਦ ਕੱਟਣ ਵਾਲਿਆਂ ਦੀ ਗਿਣਤੀ ਦਾ ਇਹ ਪ੍ਰਭਾਵ ਦੇਸ਼ ਦੀ ਅੰਗਰੇਜ਼ੀ ਸਰਕਾਰ 'ਤੇ ਵੀ ਪੈਂਦਾ ਸੀ



ਤੇ ਦੂਜੇ ਦੇਸ਼ ਦੇ ਬੰਦਿਆਂ 'ਤੇ ਵੀ ਕਿ ਭਾਰਤ ਦੇਸ਼ ਦੀ ਜਨਤਾ ਇਕ ਬਦੇਸ਼ੀ ਸਰਕਾਰ ਦੀ ਗੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ ਕਿੰਨੀ ਕੁ ਤਤਪਰ ਹੈ ਤੇ ਕੈਦ ਕੱਟਣ ਵਾਲੇ ਬੰਦਿਆਂ ਵਿੱਚੋਂ ਸਾਧਾਰਣ ਤੋਂ ਸਾਧਾਰਣ ਬੰਦੇ ਦੀ ਕੈਦ ਦੀ ਗਿਣਤੀ ਵੀ ਵੱਡੇ ਤੋਂ ਵੱਡੇ ਬੰਦੇ ਦੀ ਕੈਦ ਦੀ ਗਿਣਤੀ ਦੇ ਬਰਾਬਰ ਮਹੱਤਤਾ ਰੱਖਦੀ ਸੀ । ਪਰ ਹੁਣ ਤਾਂ ਦੇਸ਼ ਦੀ ਉਸਾਰੀ ਲਈ ਹਰ ਪ੍ਰਕਾਰ ਦੀ ਵਿਦਿਆ ਵਾਲੇ ਬੰਦਿਆਂ ਦੀ ਲੋੜ ਹੈ ਜਿਹੜੇ ਆਪਣੇ-ਆਪਣੇ ਖੇਤਰ ਵਿੱਚ ਆਪਣੇ-ਆਪਣੇ ਢੰਗਾਂ ਨਾਲ ਦੇਸ਼ ਦੀ ਉਸਾਰੀ ਕਰਨ। ਭਗਤ ਜੀ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਤੁਸੀਂ ਸਾਰੀਆਂ ਸਮੱਸਿਆਵਾਂ ਤੇ ਚੁਨੌਤੀਆਂ ਦੇ ਹੱਲ ਲਈ ਆਪਣੇ-ਆਪਣੇ ਢੰਗ ਨਾਲ ਤਿਆਗ ਤੇ ਤਪੱਸਿਆ ਭਰਿਆ ਉੱਦਮ ਕਰਨ ਲਈ ਤਿਆਰ ਹੋਣਾ ਹੈ। ਭਗਤ ਜੀ ਨੇ ਦੇਸ਼ ਲਈ ਪੈਦਾ ਹੋ ਰਹੇ ਖ਼ਤਰਿਆਂ ਬਾਰੇ ਬੋਲਦਿਆਂ ਵਿਦਿਆਰਥੀਆਂ ਨੂੰ ਵੱਡੇ-ਵੱਡੇ ਖ਼ਤਰਿਆਂ ਤੋਂ ਜਾਣੂ ਕਰਾਇਆ, ਜਿਨ੍ਹਾਂ ਵਿੱਚੋਂ ਇਕ ਹੇਠ ਲਿਖਿਆ ਹੈ ਕਿ ਵੀਹ ਸਾਲਾਂ ਤਕ ਦੇਸ਼ ਦਾ ਇਕ ਕਰੋੜ ਬੰਦਾ ਹਰ ਸਾਲ ਭੁੱਖ ਨਾਲ ਮਰਨਾ ਆਰੰਭ ਹੋ ਜਾਵੇਗਾ ਤੇ ਸੌ ਸਾਲਾਂ ਤਕ ਹਰ ਸਾਲ ਕਰੋੜ ਬੰਦਾ ਭੁੱਖ ਨਾਲ ਮਰਦਾ ਜਾਵੇਗਾ। ਇਸ ਤਰ੍ਹਾਂ ਦੇਸ਼ ਦੀ ਵਧਦੀ ਹੋਈ ਆਬਾਦੀ ੧੦੦ ਸਾਲਾਂ ਤਕ ੩੬ ਕਰੋੜ ਤਕ ਪੁੱਜ ਜਾਵੇਗੀ ।

ਭਗਤ ਜੀ ਨੇ ਕਿਹਾ ਕਿ ਪੰਡਿਤ ਜਵਾਹਰ ਲਾਲ ਨਹਿਰੂ ਨੇ ਨਵੀਂ ਪੀੜ੍ਹੀ ਨੂੰ ਇਹ ਸੁਨੇਹਾ ਵੀ ਦਿੱਤਾ ਸੀ ਕਿ ਹਰ ਜ਼ਮਾਨੇ ਦੀਆਂ ਆਪਣੀਆਂ ਆਪਣੀਆਂ ਸਮੱਸਿਆਵਾਂ ਹੁੰਦੀਆਂ ਹਨ। ਇਨ੍ਹਾਂ ਸ਼ਬਦਾਂ ਤੋਂ ਪੰਡਿਤ ਜੀ ਦਾ ਭਾਵ ਇਹ ਸੀ ਕਿ ਜਦ ਉਨ੍ਹਾਂ ਨੇ ਜਵਾਨੀ ਵਿੱਚ ਪੈਰ ਧਰਿਆ ਤਾਂ ਦੇਸ਼ ਅੰਗਰੇਜ਼ਾਂ ਦੇ ਗ਼ੁਲਾਮ ਸੀ। ਇਸ ਲਈ ਉਨ੍ਹਾਂ ਨੂੰ ਦੇਸ਼ ਦੀ ਸੁਤੰਤਰਤਾ ਦੀ ਪ੍ਰਾਪਤੀ ਲਈ ਦੇਸ਼ ਵਾਸੀਆਂ ਨੂੰ ਜਗਾਉਣ ਲਈ ਥਾਂ ਥਾਂ ਘੁੰਮਣਾ ਪਿਆ, ਲੈਕਚਰ ਕਰਨੇ ਪਏ, ਕੈਦਾਂ ਵੀ ਕੱਟਣੀਆਂ ਪਈਆਂ । ਪਰ ਹੁਣ ਜਦ ਕਿ ਦੇਸ਼ ਨੂੰ ਸੁਤੰਤਰਤਾ ਪ੍ਰਾਪਤ ਹੋ ਚੁੱਕੀ ਹੈ ਤਾਂ ਵਰਤਮਾਨ ਕਾਲ ਦੇ ਜਵਾਨਾਂ ਨੂੰ ਜਵਾਨੀ ਵਿੱਚ ਪੈਰ ਧਰਦਿਆਂ ਦੇਸ਼ ਉਸਾਰੀ ਲਈ ਤਿਆਰ ਹੋਣਾ ਚਾਹੀਦਾ ਹੈ। ਭਗਤ ਜੀ ਨੇ ਕਿਹਾ ਕਿ ਦੇਸ਼ ਉਸਾਰੀ ਅਨੇਕਾਂ ਢੰਗਾਂ ਨਾਲ ਹੋ ਸਕਦੀ ਹੈ, ਜਿਹੜਾ ਬੰਦਾ ਇਹ ਕਾਰਜ ਕਰਨ ਲਈ ਤਤਪਰ ਹੋਵੇ ਉਹ ਹਰ ਪਲ ਦੇਸ਼ ਉਸਾਰੀ ਦਾ ਕੋਈ ਨਾ ਕੋਈ ਕੰਮ ਲੱਭ ਸਕਦਾ ਹੈ। ਭਗਤ ਜੀ ਨੇ ਕਿਹਾ ਕਿ ਕਿਸੇ ਅੰਗਰੇਜ਼ ਵਿਦਵਾਨ ਦਾ ਕਥਨ ਹੈ: **"There is not a moment without a duty."** ਅਰਥਾਤ ਸਮੇਂ ਦਾ ਕੋਈ ਪਲ ਅਜਿਹਾ ਨਹੀਂ ਹੁੰਦਾ ਜਦ ਕੋਈ ਨਾ ਕੋਈ ਕਰਤੱਵ ਪੂਰਾ ਕਰਨ ਲਈ ਮਨੁੱਖ ਅੱਗੇ ਨਾ ਹੋਵੇ।

ਭਗਤ ਜੀ ਨੇ ਕਿਹਾ ਕਿ ਦੇਸ਼ ਉਸਾਰੀ ਕੇਵਲ ਵੱਡੇ-ਵੱਡੇ ਕੰਮਾਂ

ਨਾਲ ਨਹੀਂ ਹੋਇਆ ਕਰਦੀ ਬਲਕਿ ਛੋਟੇ-ਛੋਟੇ ਕੰਮਾਂ ਨਾਲ ਵੀ ਬੰਦਾ ਦੇਸ਼ ਉਸਾਰੀ ਦੇ ਕਾਰਜ ਵਿੱਚ ਬਹੁਤ ਵੱਡਾ ਹਿੱਸਾ ਪਾ ਸਕਦਾ ਹੈ; ਜਿਵੇਂ ਰਸਕਿਨ ਫ਼ਿਲਾਸਫ਼ਰ ਨੇ ਕਿਹਾ ਹੈ ਕਿ ਜਿਹੜਾ ਬੰਦਾ ਘਾਹ ਦੀ ਇਕ ਪੱਤੀ ਦੀ ਥਾਂ ਘਾਹ ਦੀਆਂ ਦੋ ਪੱਤੀਆਂ ਉਗਾਵੇ ਉਹ ਸੰਸਾਰ ਦਾ ਸਭ ਤੋਂ ਵੱਧ ਭਲਾ ਕਰਨ ਵਾਲਾ ਹੁੰਦਾ ਹੈ। ਭਗਤ ਜੀ ਨੇ ਕਿਹਾ ਕਿ ਬੰਦੇ ਵਿੱਚ ਇਹ ਕਮਜ਼ੋਰੀ ਹੈ ਕਿ ਉਹ ਸਮਾਜ ਭਲਾਈ ਦੇ ਵੱਡੇ-ਵੱਡੇ ਕੰਮਾਂ ਨੂੰ ਕਰਨ ਲਈ ਲੋਚਿਆ ਕਰਦਾ ਹੈ ਜਿਹੜੇ ਉਸ ਦੀ ਤਾਕਤ ਤੋਂ ਬਾਹਰ ਹੁੰਦੇ ਹਨ ਜਾਂ ਉਸ ਨੂੰ ਸੁਝ ਵੀ ਨਹੀਂ ਰਹੇ ਹੁੰਦੇ; ਪਰ ਛੋਟੇ ਕੰਮਾਂ ਨੂੰ ਕਰਨ ਤੋਂ ਉਹ ਕੰਨੀ ਕਤਰਾਇਆ ਕਰਦਾ, ਹੈ, ਕਿਉਂਕਿ ਉਨ੍ਹਾਂ ਨੂੰ ਕਰਨ ਤੋਂ ਉਸ ਨੂੰ ਹਾਸੋਹੀਣਾ ਹੋਣਾ ਪਿਆ ਕਰਦਾ ਹੈ, ਜਿਸ ਕਰਕੇ ਉਨ੍ਹਾਂ ਨੂੰ ਕਰਨ ਦਾ ਉਸ ਨੂੰ ਹੀਆ ਨਹੀਂ ਪਿਆ ਕਰਦਾ ਭਾਵੇਂ ਉਨ੍ਹਾਂ ਨੂੰ ਉਹ ਦਿਨ ਵਿੱਚ ਸੈਂਕੜੇ ਵਾਰ ਕਰ ਸਕਿਆ ਕਰਦਾ ਹੈ। ਇਸੇ ਤਰ੍ਹਾਂ ਅੰਗਰੇਜ਼ ਕਵੀ ਵਰਡਜ਼ਵਰਥ ਨੇ ਕਿਹਾ ਹੈ ਕਿ ਨੇਕੀ ਦੇ ਛੋਟੇ-ਛੋਟੇ ਕੰਮ ਸਾਡੇ ਆਲੇ ਦੁਆਲੇ ਖਿਲਰੇ ਹੁੰਦੇ ਹਨ, ਕੇਵਲ ਉਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ। ਕਿਸੇ ਅੰਗਰੇਜ਼ ਵਿਦਵਾਨ ਨੇ ਲਿਖਿਆ ਹੈ—

**We can offer up much in the large but to make sacrifices in little things is what we are seldom equal to. -Goethe**

ਗੇਟੇ ਫ਼ਿਲਾਸਫ਼ਰ ਦਾ ਕਥਨ ਹੈ ਕਿ ਵੱਡੇ-ਵੱਡੇ ਕੰਮਾਂ ਵਿੱਚ ਪੈ ਕੇ ਅਸੀਂ ਬਹੁਤ ਕੁਝ ਕਰਨ ਨੂੰ ਤਿਆਰ ਰਹਿੰਦੇ ਹਾਂ, ਪਰ ਛੋਟੇ ਕੰਮਾਂ ਵਿੱਚ ਅਸੀਂ ਕੋਈ ਕੁਰਬਾਨੀ ਨਹੀਂ ਦਿੰਦੇ । ਭਗਤ ਜੀ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਦੇਸ਼ ਦੀ ਆਜ਼ਾਦੀ ਦੀ ਪ੍ਰਾਪਤੀ ਦਾ ਮਨੋਰਥ ਦੇਸ਼ ਵਿੱਚੋਂ ਗ਼ਰੀਬੀ, ਬੇਕਾਰੀ, ਅਨਪੜ੍ਹਤਾ ਤੇ ਰੋਗ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਸੀ; ਪਰ ਉਹ ਸਮੱਸਿਆਵਾਂ ਤਾਂ ਹੀ ਹੱਲ ਹੋ ਸਕਦੀਆਂ ਹਨ ਜੇਕਰ ਵਰਤਮਾਨ ਪੀੜ੍ਹੀ ਦਾ ਹਰ ਇਕ ਬੰਦਾ ਆਪਣੇ-ਆਪਣੇ ਢੰਗ ਨਾਲ ਉੱਦਮ ਕਰੇ ਤੇ ਹਰ ਇਕ ਕੰਮ ਨੂੰ ਦੇਸ਼ ਸੇਵਾ ਦੀ ਕੁਰਬਾਨੀ ਵਾਲੀ ਉਸੇ ਭਾਵਨਾ ਨਾਲ ਕਰੇ ਜਿਸ ਭਾਵਨਾ ਨਾਲ ਦੇਸ਼ ਦੀ ਸੁਤੰਤਰਤਾ ਲਈ ਕੈਦਾਂ ਕੱਟਣ ਵਾਲਿਆਂ ਨੇ ਆਪਣਾ ਹਿੱਸਾ ਪਾਇਆ ਸੀ। ਭਗਤ ਜੀ ਨੇ ਕਿਹਾ ਕਿ ਕਿਸੇ ਅੰਗਰੇਜ਼ ਵਿਦਵਾਨ ਦਾ ਕਥਨ ਹੈ—

**One who does the smallest thing with thoroughness is really a great man.**

ਅਰਥਾਤ ਜਿਹੜਾ ਬੰਦਾ ਕਿਸੇ ਛੋਟੇ ਤੋਂ ਛੋਟੇ ਕੰਮ ਨੂੰ ਪੂਰੀ ਤਰ੍ਹਾਂ ਕਰਦਾ ਹੈ ਉਹ ਸੱਚੀਮੁੱਚੀ ਇਕ ਵੱਡਾ ਆਦਮੀ ਹੈ।



ਭਗਤ ਜੀ ਨੇ ਕਿਹਾ ਕਿ ਨੇਪੋਲੀਅਨ ਬਾਰੇ ਕਿਹਾ ਜਾਂਦਾ ਹੈ ਕਿ **Nothing was too small to be beneath his notice.** ਅਰਥਾਤ ਨੇਪੋਲੀਅਨ ਦੀ ਨਿਗਾਹ ਵਿੱਚ ਕੋਈ ਵੀ ਵਸਤੂ ਐਸੀ ਨਹੀਂ ਸੀ ਜਿਹੜੀ ਉਸ ਦੀ ਨਿਗਾਹ ਵਿੱਚ ਆਉਣ ਵਾਲੀ ਨਾ ਹੋਵੇ ।

**ਕਿਸੇ ਵਿਦਵਾਨ ਨੇ ਕਿਹਾ ਹੈ ਕਿ ਜਿਹੜੇ ਬੰਦੇ ਦੇਸ਼ ਲਈ ਮਰਿਆ ਕਰਦੇ ਹਨ ਉਹ ਛੋਟੇ ਸ਼ਹੀਦ ਹੁੰਦੇ ਹਨ ਤੇ ਜਿਹੜੇ ਬੰਦੇ ਦੇਸ਼ ਲਈ ਜੀਵਿਆ ਕਰਦੇ ਹਨ ਉਹ ਵੱਡੇ ਸ਼ਹੀਦ ਹੁੰਦੇ ਹਨ।**

**"Those who die for their country are martyrs but those who live for their country are greater martyrs."**

ਭਗਤ ਜੀ ਨੇ ਕਿਹਾ ਕਿ ਕਿਸੇ ਵਿਦਵਾਨ ਦਾ ਕਥਨ ਹੈ ਕਿ ਮਨੁੱਖ ਸੇਵਾ ਦਾ ਕੰਮ ਕਰਨ ਲੱਗਿਆਂ ਵੀ ਇਹ ਸੋਚਿਆ ਕਰਦਾ ਹੈ ਕਿ ਮੈਂ ਅਜਿਹਾ ਕੰਮ ਕਰਾਂ ਜਿਹੜਾ ਦੁਨੀਆਂ ਦੀ ਨਿਗਾਹ ਵਿੱਚ ਵੱਡਾ ਕੰਮ ਦਿੱਸੇ; ਜਿਵੇਂ ਲੱਖਾਂ ਰੁਪਿਆਂ ਦਾ ਦਾਨ ਕਰਨਾ, ਪਰ ਕੋਈ ਪੈਸਾ ਖ਼ਰਚ ਨਾ ਹੁੰਦਾ ਹੋਵੇ ਤੇ ਨਾ ਹੀ ਬਹੁਤ ਸਮਾਂ। ਅਨੇਕਾਂ ਕੰਮ ਅੱਧੇ ਮਿੰਟ ਵਿੱਚ ਹੋ ਜਾਣ ਵਾਲੇ ਹੁੰਦੇ ਹਨ ਜਿਨ੍ਹਾਂ ਵੱਲ ਕਿਸੇ ਵਿਰਲੇ ਬੰਦੇ ਦਾ ਹੀ ਧਿਆਨ ਹੁੰਦਾ ਹੈ। ਜੇ ਕੋਈ ਚੰਗੀ ਹੈਸੀਅਤ ਵਾਲਾ ਆਦਮੀ ਉਨ੍ਹਾਂ ਕੰਮਾਂ ਨੂੰ ਕਰਨ ਲੱਗੇ ਤਾਂ ਉਸ ਵੱਲ ਲੋਕ ਹੈਰਾਨੀ ਨਾਲ ਤੱਕਿਆ ਕਰਦੇ ਹਨ ਕਿ ਕੀ ਇਹ ਪਾਗਲ ਤਾਂ ਨਹੀਂ ਹੋ ਗਿਆ ?

ਭਗਤ ਜੀ ਨੇ ਕਿਹਾ ਕਿ ਕਿਸੇ ਅੰਗਰੇਜ਼ ਵਿਦਵਾਨ ਦਾ ਕਥਨ ਹੈ ਕਿ **Folly has always laughed at wisdom.** ਮੂਰਖਤਾ ਅਕਲ ਉੱਤੇ ਸਦਾ ਹੱਸਦੀ ਰਹੀ ਹੈ। ਕੋਈ ਅਕਲਮੰਦ ਆਦਮੀ ਮੂਰਖ ਲੋਕਾਂ ਦੇ ਹਾਸੇ ਦੀ ਪ੍ਰਵਾਹ ਨਾ ਕਰਦਾ ਹੋਇਆ ਉਹ ਚੰਗੇ ਕੰਮ ਕਰਿਆ ਕਰਦਾ ਹੈ ਜਿਨ੍ਹਾਂ ਉੱਤੇ ਬੇਸਮਝ ਲੋਕੀਂ ਹੱਸ ਰਹੇ ਹੋਣ। ਉਸ ਦੀ ਉਸ ਸਹਿਣ-ਸ਼ਕਤੀ ਨੂੰ ਸ਼ਹੀਦੀ ਦਾ ਦਰਜਾ ਦਿੱਤਾ ਗਿਆ ਹੈ। ਕਿਸੇ ਵਿਦਵਾਨ ਦਾ ਕਥਨ ਹੈ—

**'Ridicule is the final test of truth.'**

ਚੰਗੇ ਕੰਮਾਂ ਨੂੰ ਕਰਦਿਆਂ ਹੋਇਆਂ ਹਾਸੋ-ਹੀਣਾ ਹੋਣ ਲਈ ਤਿਆਰ ਰਹਿਣਾ ਸਚਾਈ ਦੀ ਆਖਰੀ ਕਸੌਟੀ ਹੈ।

ਕਿਸੇ ਅੰਗਰੇਜ਼ ਵਿਦਵਾਨ ਦਾ ਕਥਨ ਹੈ—'ਹਾਸੋਹੀਣਾ ਹੋਣ ਨਾਲ ਮਨੁੱਖ ਦੇ ਹਿਰਦੇ 'ਤੇ ਬਹੁਤ ਡੂੰਘਾ ਜ਼ਖ਼ਮ ਲੱਗਦਾ ਹੈ।' ਉਸ ਨੇ ਲਿਖਿਆ ਹੈ ਕਿ ਬੰਦੇ ਦੇ ਮਨ ਅੰਦਰ ਆਪਣੀ ਮਹੱਤਤਾ ਦਾ ਖ਼ਿਆਲ ਇਤਨਾ ਵਧਿਆ ਹੁੰਦਾ ਹੈ ਕਿ ਜੇਕਰ ਉਸ ਨੂੰ ਕਿਤੇ ਕੈਦ ਵੀ ਹੋਣਾ ਪਵੇ ਤਾਂ ਉਹ ਆਪਣੇ ਕੁੜਤੇ

’ਤੇ ਲੱਗੇ ਹੋਏ ਮੁਰਗੀ ਦੇ ਚੂਚਿਆਂ ਦੇ ਖੰਭਾਂ ਦੀ ਗਵਾਹੀ ਨਾਲ ਕੈਦ ਹੋਣਾ ਨਹੀਂ ਚਾਹੇਗਾ ਕਿ ਉਸਨੇ ਕਿਸੇ ਦੀ ਮੁਰਗੀ ਦੇ ਚੂਚੇ ਚੁੱਕੇ ਸਨ, ਬਲਕਿ ਉਹ ਇਹ ਚਾਹੇਗਾ ਕਿ ਉਸ ਦੇ ਕੁੜਤੇ ਦੀ ਬਾਂਹ ’ਤੇ ਲਹੂ ਦੇ ਛਿੱਟੇ ਪਏ ਹੋਏ ਹੋਣ ਜਿਹੜੇ ਇਸ ਗੱਲ ਦੀ ਨਿਸ਼ਾਨੀ ਹਨ ਕਿ ਉਸ ਨੇ ਕਿਸੇ ਬੰਦੇ ਨੂੰ ਕੁੱਟਿਆ ਸੀ ਜਾਂ ਕਤਲ ਕੀਤਾ ਸੀ। ਦੇਖੋ ਹੈਰਾਨੀ ਦੀ ਗੱਲ ਕਿ ਮੁਰਗੀ ਦੇ ਚੂਚਿਆਂ ਨੂੰ ਚੋਰੀ ਕਰਨ ਦੀ ਸਜ਼ਾ ਕੁਝ ਮਹੀਨੇ ਦੀ ਹੈ; ਪਰ ਬੰਦਾ ਕਤਲ ਦੇ ਦੋਸ਼ ਨਾਲ ਚੌਦਾਂ ਸਾਲਾਂ ਦੀ ਕੈਦ ਕੱਟਣਾ ਚਾਹਿਆ ਕਰਦਾ ਹੈ। ਇਹ ਹੈ ਉਸ ਦੇ ਹੰਕਾਰ ਦੀ ਹਾਲਤ, ਕਿਉਂਕਿ ਮੁਰਗੀ ਦੇ ਚੂਚਿਆਂ ਦੀ ਚੋਰੀ ’ਤੇ ਉਸ ਦਾ ਹਾਸਾ ਉੱਡਦਾ ਹੈ ਤੇ ਮਾਰਕੁਟਾਈ ਤੇ ਕਤਲ ਨਾਲ ਉਹ ਬਹਾਦਰ ਗਿਣਿਆ ਜਾਂਦਾ ਹੈ । ਦੇਸ਼-ਉਸਾਰੀ ਲਈ ਛੋਟੇ-ਛੋਟੇ ਕੰਮ ਵੀ ਮਹੱਤਤਾ ਰੱਖਣ ਵਾਲੇ ਹੁੰਦੇ ਹਨ। ਭਗਤ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਕਬੀਰ ਜੀ ਦੇ ਹੇਠ ਲਿਖੇ ਸ਼ਬਦ ਬੋਲੇ—

**“ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥**
**ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥”**
**(ਅੰਗ ੧੩੬੮)**

ਇਸ ਸ਼ਬਦ ਦਾ ਭਾਵ-ਅਰਥ ਇਹ ਹੈ ਕਿ ਕਬੀਰ ਜੀ ਕਹਿੰਦੇ ਹਨ ਕਿ ਮੈਨੂੰ ਕਈ ਐਸੇ ਕੰਮ ਕਰਨੇ ਪੈਂਦੇ ਹਨ ਜਿਨ੍ਹਾਂ ਨੂੰ ਲੋਕੀਂ ਬੇਅਕਲੀ ਦਾ ਕੰਮ ਕਹਿੰਦੇ ਹਨ, ਪਰ ਹੁੰਦੇ ਹਨ ਉਹ ਕੰਮ ਅਕਲ ਵਾਲੇ । ਇਸ ਲਈ ਮੈਂ ਉਨ੍ਹਾਂ ਕੰਮਾਂ ਨੂੰ ਕਰਦਾ ਹੋਇਆ ਉਨ੍ਹਾਂ ਦੇ ਹਾਸੇ ਦੀ ਕੋਈ ਪ੍ਰਵਾਹ ਨਹੀਂ ਕਰਦਾ। ਭਗਤ ਜੀ ਨੇ ਕਿਹਾ ਕਿ ਇਕ ਦੇਸ਼ ਵਿੱਚ ਅੰਨ ਦਾ ਸੰਕਟ ਸੀ । ਉਸ ਦੇਸ਼ ਦੇ ਇਕ ਸਾਇੰਸਦਾਨ ਨੂੰ ਕਿਸੇ ਵੱਡੇ ਬੰਦੇ ਨੇ ਕਿਹਾ ਕਿ ਤੈਨੂੰ ਦੇਣ ਲਈ ਨਾ ਤਾਂ ਸਾਡੇ ਪਾਸ ਕੋਈ ਤਨਖ਼ਾਹ ਹੈ ਨਾ ਦਫ਼ਤਰ ਲਈ ਕੋਈ ਕਮਰਾ, ਨਾ ਕੋਈ ਮੇਜ਼ ਕੁਰਸੀ । ਇਸ ਲਈ ਤੂੰ ਗ਼ਰੀਬੀ ਵਿੱਚ ਦਿਨ ਕੱਟਦਾ ਹੋਇਆ ਖੋਜ ਕਰਕੇ ਸਾਨੂੰ ਦੱਸ ਕਿ ਦੇਸ਼ ਵਿੱਚ ਅੰਨ-ਸੰਕਟ ਨੂੰ ਦੂਰ ਕਰਨ ਲਈ ਦੇਸ਼ ਦਾ ਹਰ ਬੰਦਾ ਕੀ ਹਿੱਸਾ ਪਾ ਸਕਦਾ ਹੈ। ਉਸ ਸਾਇੰਸਦਾਨ ਨੇ ਖੋਜ ਕਰਕੇ ਦੱਸਿਆ ਕਿ ਜੇਕਰ ਦੇਸ਼ ਦਾ ਹਰ ਬੰਦਾ ਸਬਜ਼ੀਆਂ ਤੇ ਫਲਾਂ ਦੇ ਛਿੱਲੜਾਂ ਨੂੰ ਸੰਭਾਲ ਕੇ ਖੇਤਾਂ ਨੂੰ ਪਹੁੰਚਾਵੇ ਤਾਂ ਦੇਸ਼ ਦਾ ਅੰਨ-ਸੰਕਟ ਦੂਰ ਹੋ ਸਕਦਾ ਹੈ । ਉਸ ਦੇਸ਼ ਦੇ ਬੰਦਿਆਂ ਨੇ ਆਪਣੇ ਦੇਸ਼ ਦੇ ਉਸ ਬੰਦੇ ਦੀ ਗੱਲ ’ਤੇ ਅਮਲ ਕੀਤਾ ਤੇ ਹਰ ਇਕ ਬੰਦਾ ਸਬਜ਼ੀਆਂ ਤੇ ਫਲਾਂ ਦੇ ਛਿੱਲੜਾਂ ਨੂੰ ਸੰਭਾਲਣ ਲੱਗ ਪਿਆ ਤੇ ਅੰਨ-ਸੰਕਟ ਦੂਰ ਹੋ ਗਿਆ। ਭਗਤ ਜੀ ਨੇ ਕਿਹਾ ਕਿ ਇਹ ਗੱਲ ਮੈਂ ਬੰਬਈ ਦੇ ਪ੍ਰਸਿੱਧ ਸਪਤਾਹਿਕ ਅੰਗਰੇਜ਼ੀ ਮਾਸਿਕ-ਪੱਤਰ



ਹਿੰਮਤ (**Himmat**) ਵਿੱਚੋਂ ਪੜ੍ਹੀ ਸੀ। ਭਗਤ ਜੀ ਨੇ ਕਿਹਾ ਕਿ ਜਾਪਾਨ ਦੇਸ਼ ਦੇ ਹਰ ਘਰ ਵਿੱਚ ਟੱਟੀ ਤੇ ਪਿਸ਼ਾਬ ਲੱਕੜ ਦੇ ਭਾਂਡਿਆਂ ਵਿੱਚ ਸੰਭਾਲ ਕੇ ਰੱਖੇ ਜਾਂਦੇ ਹਨ। ਸਵੇਰ ਵੇਲੇ ਸਭ ਘਰਾਂ ਦਾ ਟੱਟੀ ਪਿਸ਼ਾਬ ਮਿਉਂਸਿਪਲ ਕਮੇਟੀ ਦੀਆਂ ਗੱਡੀਆਂ ਖੇਤਾਂ ਨੂੰ ਲੈ ਜਾਂਦੀਆਂ ਹਨ। ਕੋਈ ਜਾਪਾਨੀ ਆਪਣੇ ਘਰ ਵਿੱਚ ਹੁੰਦਾ ਹੋਇਆ ਪਿਸ਼ਾਬ ਦੀ ਛਿੱਟ ਵੀ ਧਰਤੀ ’ਤੇ ਨਹੀਂ ਡਿਗਣ ਦਿੰਦਾ ਬਲਕਿ ਲੱਕੜ ਦੇ ਭਾਂਡੇ ਵਿੱਚ ਪਿਸ਼ਾਬ ਕਰਦਾ ਹੈ।

ਭਗਤ ਜੀ ਨੇ ਛੋਟੇ ਤੋਂ ਛੋਟੇ ਕੰਮਾਂ ਦੀਆਂ ਦੋ ਮਿਸਾਲਾਂ ਦਿੱਤੀਆਂ ਕਿ ੧੫ ਕੁ ਸਾਲ ਹੋਏ ਭਾਰਤ ਦਾ ਜੰਗ ਕਿਸੇ ਦੇਸ਼ ਨਾਲ ਲੱਗਾ ਹੋਇਆ ਸੀ ਤੇ ਉਸ ਜੰਗ ਵਿੱਚ ਸ਼ਾਮਲ ਹੋਣ ਲਈ ਦਿੱਲੀ ਤੋਂ ਇਕ ਫ਼ੌਜੀ ਅਫ਼ਸਰ ਆਪਣੇ ਮੋਟਰਸਾਈਕਲ ’ਤੇ ਆ ਰਿਹਾ ਸੀ। ਸੋਨੀਪਤ ਸ਼ਹਿਰ ਪਹੁੰਚ ਕੇ ਉਸ ਦੇ ਮੋਟਰਸਾਈਕਲ ਅੱਗੇ ਸੜਕ ਉੱਤੇ ਇੱਟ ਦਾ ਟੁਕੜਾ ਆ ਗਿਆ। ਉਸ ਟੁਕੜੇ ਨਾਲ ਟਕਰਾ ਕੇ ਮੋਟਰਸਾਈਕਲ ਡਿੱਗ ਪਿਆ। ਫੌਜੀ ਅਫ਼ਸਰ ਦੇ ਲੱਕ ਦੀ ਅਜਿਹੀ ਹੱਡੀ ਟੁੱਟੀ ਜਿਸ ਨਾਲ ਉਹ ਦੋ ਸਾਲ ਲਈ ਤਖ਼ਤਪੋਸ਼ ’ਤੇ ਪੈ ਗਿਆ । ਇਸ ਤਰ੍ਹਾਂ ਸੜਕ ਉੱਤੇ ਇਕ ਬੱਚੇ ਦੇ ਪੈਰ ਵਿੱਚ ਸ਼ੀਸ਼ਾ ਵਜਿਆ । ਉਹ ਸ਼ੀਸ਼ੇ ਦੇ ਜ਼ਹਿਰ ਨਾਲ ਮਰ ਗਿਆ। ਸੜਕ ’ਤੇ ਪਈ ਹੋਈ ਖੁਰੀ ਨਾਲ ਭੱਜੀ ਜਾਂਦੀ ਹੋਈ ਬੱਸ ਦਾ ਟਾਇਰ ਫੱਟ ਗਿਆ ਤੇ ਬੱਸ ਉਲਟ ਗਈ। ਭਗਤ ਜੀ ਨੇ ਕੇਲੇ ਦੇ ਛਿੱਲੜ, ਇੱਟ, ਰੋੜਾ, ਸ਼ੀਸ਼ਾ, ਖੁਰੀ, ਗੋਬਰ ਆਦਿ ਵਸਤਾਂ ਨੂੰ ਚੁੱਕਣ ਦੇ ਵਿਸ਼ੇ ਉੱਤੇ ਲੰਮਾ ਵਿਖਿਆਨ ਦਿੱਤਾ, ਜਿਸ ਵਿੱਚ ਉਨ੍ਹਾਂ ਨੇ ਦੱਸਿਆ ਕਿ ਇੱਟ ਕਿਉਂ ਚੁੱਕਣੀ ਚਾਹੀਦੀ ਹੈ। ਅਨੇਕਾਂ ਪੱਖਾਂ ਤੋਂ ਇਨ੍ਹਾਂ ਵਸਤਾਂ ਨੂੰ ਰਾਹ ਵਿੱਚੋਂ ਚੁੱਕਣ ਦੀ ਮਹੱਤਤਾ ਨੂੰ ਬਿਆਨ ਕੀਤਾ ।

ਭਗਤ ਜੀ ਨੇ ਦੁਨੀਆਂ ਦੇ ਇਤਿਹਾਸ ਵਿੱਚੋਂ ਬੱਚਿਆਂ ਦੀ ਕੁਰਬਾਨੀ ਦੀਆਂ ਦੋ ਵੱਡੀਆਂ ਮਿਸਾਲਾਂ ਦਿੱਤੀਆਂ । ਇਕ ਮਿਸਾਲ ਹਾਲੈਂਡ ਦੇਸ਼ ਦੇ ਇਕ ਮੁੰਡੇ ਦੀ ਸੀ ਜਿਸ ਨੇ ਆਪਣੀ ਜਾਨ ਦੇ ਕੇ ਸਮੁੰਦਰ ਦੇ ਪਾਣੀ ਦੇ ਨਾਲ ਆਪਣੇ ਦੇਸ਼ ਨੂੰ ਰੁੜ੍ਹ ਜਾਣ ਤੋਂ ਬਚਾਇਆ । ਹਾਲੈਂਡ ਦੇਸ਼ ਦੀ ਧਰਤੀ, ਸਮੁੰਦਰ ਤੋਂ ਨੀਵੀਂ ਹੈ ਤੇ ਸਮੁੰਦਰ ਦੀ ਜਿਹੜੀ ਕੰਧ ਹੈ ਉਹ ਕੱਚੀ ਮਿੱਟੀ ਦੀ ਹੈ। ਜਦੋਂ ਸਮੁੰਦਰ ਦੀ ਕੰਧ ਵਿੱਚ ਕੋਈ ਸੁਰਾਖ਼ ਪੈਦਾ ਹੁੰਦਾ ਹੈ ਤਾਂ ਉਹ ਬਹੁਤ ਛੋਟਾ ਜਿਹਾ ਛੇਕ ਹੁੰਦਾ ਹੈ । ਜੇ ਉਸ ਸੁਰਾਖ਼ ਨੂੰ ਉਸੇ ਵੇਲੇ ਬੰਦ ਕਰ ਦਿੱਤਾ ਜਾਵੇ ਤਾਂ ਉਹ ਮਨੁੱਖ ਦੀ ਇਕ ਉਂਗਲੀ ਨਾਲ ਬੰਦ ਹੋ ਸਕਦਾ ਹੈ । ਜੇ ਤੁਰੰਤ ਉਸੇ ਥਾਂ ਨੂੰ ਨਾ ਮੁੰਦਿਆ ਜਾਵੇ ਤਾਂ ਸੁਰਾਖ਼ ਦਾ ਵਧਦਾ-ਵਧਦਾ ਭਾਰੀ ਪਾੜਾ ਪੈ ਜਾਇਆ ਕਰਦਾ ਹੈ; ਭਾਵੇਂ ਉਹ ਸੈਂਕੜੇ ਗਜ਼ਾਂ ਦਾ ਹੋਵੇ ਜਾਂ ਵੱਧ।

ਇਸ ਤਰ੍ਹਾਂ ਇਕ ਵਾਰੀ ਇਹ ਹੋਇਆ ਕਿ ਸਮੁੰਦਰ ਦੀ ਕੰਧ ਵਿੱਚ ਸੁਰਾਖ਼ ਹੋ ਗਿਆ। ਉਹ ਸੁਰਾਖ਼ ਏਨਾ ਕੁ ਸੀ ਕਿ ਇਕ ਮੁੱਠੀ ਨਾਲ ਬੰਦ ਹੋ ਸਕਦਾ ਸੀ। ਉਸ ਵੇਲੇ ਇਕ ਮੁੰਡਾ ਇਤਫ਼ਾਕ ਨਾਲ ਉਸ ਕੰਧ ਦੇ ਲਾਗੇ ਤੁਰਿਆ ਜਾਂਦਾ ਸੀ । ਉਸ ਨੇ ਕੰਧ ਦੇ ਸੁਰਾਖ਼ ਨੂੰ ਦੇਖ ਕੇ ਆਪਣੀ ਮੁੱਠੀ ਉਸ ਵਿੱਚ ਦੇ ਦਿੱਤੀ, ਪਾਣੀ ਬੰਦ ਹੋ ਗਿਆ। ਜੇ ਕੋਈ ਬੰਦਾ ਛੇਤੀ ਆ ਜਾਂਦਾ ਤਾਂ ਉਸ ਸੁਰਾਖ਼ ਨੂੰ ਸੀਮਿੰਟ ਨਾਲ ਜਾਂ ਇੱਟ ਨਾਲ ਬੰਦ ਕਰ ਦਿੱਤਾ ਜਾਂਦਾ, ਮੁੰਡੇ ਦੀ ਬਾਂਹ ਛੁਡਾ ਲਈ ਜਾਂਦੀ ਤੇ ਉਹ ਬਚ ਜਾਂਦਾ; ਪਰ ਕਈ ਦਿਨਾਂ ਤਕ ਉੱਥੇ ਬੰਦਾ ਕੋਈ ਨਾ ਆਇਆ ਤੇ ਮੁੰਡਾ ਓੜਕ ਮਰ ਗਿਆ। ਮੁੰਡੇ ਨੇ ਬਾਂਹ ਸੁਰਾਖ਼ ਵਿੱਚੋਂ ਨਾ ਕੱਢੀ ਤੇ ਮਰਨਾ ਕਬੂਲ ਕਰ ਲਿਆ । ਜੇ ਮੁੰਡਾ ਮੁੱਠੀ ਬਾਹਰ ਕੱਢ ਲੈਂਦਾ ਤਾਂ ਸੁਰਾਖ਼ ਵਧ ਜਾਣਾ ਸੀ ਤੇ ਪਤਾ ਨਹੀਂ ਕਿੱਡਾ ਵੱਡਾ ਪਾੜਾ ਪੈਂਦਾ ਤੇ ਕਿੰਨੇ ਹਜ਼ਾਰਾਂ ਜਾਂ ਲੱਖਾਂ ਬੰਦੇ ਸਮੁੰਦਰ ਦੇ ਪਾਣੀ ਹੇਠਾਂ ਡਿਗਣ ਨਾਲ ਪਾਣੀ ਵਿੱਚ ਡੁਬ ਕੇ ਮਰ ਜਾਂਦੇ। ਇਸੇ ਤਰ੍ਹਾਂ ਇਕ ਹੋਰ ਲੜਕੇ ਦੀ ਕਹਾਣੀ ਹੈ। ਇਕ ਮੁੰਡਾ ਰੇਲ ਦੀ ਗੱਡੀ ਦੇ ਲਾਗੇ ਡੰਗਰ ਚਾਰ ਰਿਹਾ ਸੀ । ਉਸ ਨੇ ਦੇਖਿਆ ਕਿ ਉਸ ਦੇ ਲਾਗੇ ਲਾਈਨ ਦੇ ਪੁਲ ਨੂੰ ਅੱਗ ਲੱਗੀ ਹੋਈ ਹੈ ਤੇ ਉੱਤੋਂ ਰੇਲ-ਗੱਡੀ ਤੇਜ਼ ਰਫ਼ਤਾਰ ਨਾਲ ਆ ਰਹੀ ਹੈ। ਪੁਲ 'ਤੇ ਪੁੱਜ ਕੇ ਰੇਲ ਗੱਡੀ ਨੇ ਉਲਟ ਜਾਣਾ ਸੀ। ਮੁੰਡੇ ਪਾਸ ਲਾਲ ਝੰਡੀ ਨਹੀਂ ਸੀ। ਮੁੰਡੇ ਨੇ ਕਿਹਾ ਕਿ ਮੇਰੇ ਪਾਸ ਰੇਲ ਗੱਡੀ ਨੂੰ ਖੜ੍ਹਾ ਕਰਨ ਲਈ ਹੋਰ ਕੋਈ ਚਾਰਾ ਨਹੀਂ। ਇਸ ਤੋਂ ਬਿਨਾਂ ਕਿ ਮੈਂ ਰੇਲ ਗੱਡੀ ਦੇ ਥੱਲੇ ਆ ਕੇ ਮਰ ਜਾਵਾਂ ਤੇ ਮੇਰੇ ਮਰਨ ਕਾਰਨ ਗੱਡੀ ਖੜ੍ਹੀ ਹੋ ਜਾਵੇ ਤੇ ਪੁਲ ਉੱਤੇ ਪੁੱਜ ਕੇ ਗੱਡੀ ਦੇ ਡਿੱਗਣ ਦਾ ਅਵਸਰ ਨਾ ਆਵੇ।

ਭਗਤ ਜੀ ਨੇ ਕਿਹਾ ਕਿ ਜੇਕਰ ਕੋਈ ਬੱਚਾ ਇਹ ਸੋਚੇ ਕਿ ਜੇ ਕੋਈ ਕੰਮ ਕੀਤਾ ਜਾਵੇ ਤਾਂ ਜਾਨ ਦੇਣ ਵਾਲੇ ਮੁੰਡਿਆਂ ਵਾਂਙੂ ਜਾਨ ਦੇਣ ਵਾਲਾ ਹੀ ਵੱਡਾ ਕੰਮ ਕੀਤਾ ਜਾਵੇ, ਪਰ ਜੀਅ ਕੇ ਮਰਨ ਵਾਲੇ ਕੰਮਾਂ ਦੀ ਮਰ ਕੇ ਕਰਨ ਵਾਲੇ ਕੰਮਾਂ ਤੋਂ ਮਹੱਤਤਾ ਘੱਟ ਨਹੀਂ ਹੁੰਦੀ। ਛੋਟੇ-ਛੋਟੇ ਕੰਮਾਂ ਨੂੰ ਕਰਕੇ ਹਾਸਾ ਕਰਾਉਣਾ ਵੀ ਸ਼ਹੀਦੀ ਹੁੰਦੀ ਹੈ; ਜਿਵੇਂ ਸੜਕ ਤੋਂ ਗੋਬਰ ਚੁੱਕਣਾ, ਗੂੰਹ ਚੁੱਕਣਾ, ਕੇਲੇ ਦੇ ਛਿੱਲੜ ਚੁੱਕਣਾ ਵੀ ਜਿਉਂਦਿਆਂ ਮਰਨਾ ਹੈ।

(ਜੀਵਨ ਲਹਿਰ ਸਤੰਬਰ ੧੯੯੧ 'ਚੋਂ)

::



# ਤਨਖ਼ਾਹਾਂ ਕਿੰਨੀਆਂ ਕੁ ਵਧਣ?

## ਅਧਿਆਪਕਾਂ ਦੀ ਇਕੱਤਰਤਾ ਵਿੱਚ ਮੇਰਾ ਭਾਸ਼ਨ

੧੭ ਮਈ ੧੯੯੧ ਵਾਲੇ ਦਿਨ ਬਟਾਲਾ ਵਿਖੇ ਪੰਜਾਬ ਦੇ ਪ੍ਰਾਈਵੇਟ ਸਕੂਲਾਂ ਦੇ ਲਗਭਗ ਛੇ ਹਜ਼ਾਰ ਅਧਿਆਪਕਾਂ ਦੀ ਇਕੱਤਰਤਾ ਵਿੱਚ ਬੋਲਦਿਆਂ ਮੈਂ ਕਿਹਾ ਕਿ ਦੇਸ਼ ਵਿੱਚ ੧੦੦ ਵਿੱਚੋਂ ੩੦ ਆਦਮੀ ਅਨਪੜ੍ਹ ਹਨ । ਬਹੁਤ ਥੋੜ੍ਹੇ ਬੰਦੇ ਹੀ ਅਖ਼ਬਾਰਾਂ ਪੜ੍ਹਦੇ ਹਨ। ਦੇਸ਼ ਵਿੱਚ ਛਪਣ ਵਾਲੇ ੧੦੦ ਅਖ਼ਬਾਰਾਂ ਵਿੱਚੋਂ ਕੇਵਲ ਇਕ ਅਖ਼ਬਾਰ ਹੀ ਪਿੰਡਾਂ ਵਿੱਚ ਜਾਂਦਾ ਹੈ । ਇਸ ਲਈ ਇਹ ਗੱਲ ਸੋਚੀ ਜਾਣ ਵਾਲੀ ਬਣ ਜਾਂਦੀ ਹੈ ਕਿ ਦੇਸ਼ ਵਾਸੀਆਂ ਨੂੰ ਤੇ ਖ਼ਾਸ ਤੌਰ 'ਤੇ ਪੇਂਡੂ ਅਨਪੜ੍ਹ ਬੰਦਿਆਂ ਨੂੰ ਦੇਸ਼ ਦੀਆਂ ਚਿੰਤਾਜਨਕ ਸਮੱਸਿਆਵਾਂ ਦਾ ਗਿਆਨ ਕਿਵੇਂ ਕਰਾਇਆ ਜਾਵੇ। ਇਹ ਕਾਰਜ ਕਰਨ ਲਈ ਹਾਈ ਸਕੂਲਾਂ ਦੇ ਅਧਿਆਪਕ ਹੀ ਸਭ ਤੋਂ ਵੱਡਾ ਸਾਧਨ ਹੋ ਸਕਦੇ ਹਨ। ਤੁਸੀਂ ਆਪਣੇ ਅਧਿਕਾਰ ਮੰਗਣ ਆਏ ਹੋ, ਪਰ ਮੈਂ ਤੁਹਾਨੂੰ ਤੁਹਾਡੇ ਕਰਤੱਵਾਂ ਦਾ ਗਿਆਨ ਦੇਣ ਆਇਆ ਹਾਂ। ਤੁਸੀਂ ਸਾਰੇ ਉੱਚੀ ਵਿਦਿਆ ਵਾਲੇ ਹੋ। ਉੱਚੀ ਵਿਦਿਆ ਵਾਲੇ ਹਰ ਬੰਦੇ ਉੱਤੇ ਦੇਸ਼ ਦਾ ਭਾਰਾ ਕਰਜ਼ਾ ਚੜ੍ਹਿਆ ਹੋਇਆ ਹੁੰਦਾ ਹੈ। ਇਸ ਲਈ ਮੈਂ ਤੁਹਾਨੂੰ ਉਸ ਕਰਜ਼ੇ ਤੋਂ ਜਾਣੂ ਕਰਾਉਣ ਲਈ ਆਇਆ ਹਾਂ, ਜਿਸ ਨੂੰ ਉਤਾਰਨ ਲਈ ਤੁਹਾਨੂੰ ਆਪਣੇ ਕਰਤੱਵਾਂ ਨੂੰ ਜਾਣਨਾ ਵੀ ਚਾਹੀਦਾ ਹੈ ਤੇ ਪੂਰਾ ਵੀ ਕਰਨਾ ਚਾਹੀਦਾ ਹੈ। ਉਨ੍ਹਾਂ ਕਰਤੱਵਾਂ ਨੂੰ ਪੂਰਾ ਕਰਕੇ ਹੀ ਤੁਸੀਂ ਉਸ ਕਰਜ਼ੇ ਨੂੰ ਉਤਾਰ ਸਕਦੇ ਹੋ। ਉਹ ਕਰਜ਼ਾ ਹੇਠ ਲਿਖਿਆ ਹੈ :-

ਜਿਹੜਾ ਬੰਦਾ ਦੇਸ਼ ਦੇ ਕਿਸੇ ਡਾਕਟਰੀ ਕਾਲਜ ਤੋਂ ਡਾਕਟਰੀ ਦੀ ਵਿਦਿਆ ਪ੍ਰਾਪਤ ਕਰਦਾ ਹੈ ਉਸ ਉੱਤੇ ਦੇਸ਼ ਦੀ ਜਨਤਾ ਦੇ ਖ਼ਜ਼ਾਨੇ ਦਾ ਦੋ ਲੱਖ ਰੁਪਿਆ ਖ਼ਰਚ ਆ ਜਾਂਦਾ ਹੈ। ਚੀਨ ਦੇਸ਼ ਦੇ ਇਕ ਵਿਦਵਾਨ ਨੇ ਉਸ ਖ਼ਰਚ ਦਾ ਅਨੁਮਾਨ ਲਗਾਇਆ ਸੀ ਜੋ ਚੀਨ ਵਿੱਚ ਕਿਸੇ ਕਾਲਜ ਵਿੱਚ ਪੜ੍ਹਨ ਵਾਲੇ ਇਕ ਵਿਦਿਆਰਥੀ 'ਤੇ ਹੁੰਦਾ ਹੈ। ਉਸ ਨੇ ਲਿਖਿਆ ਸੀ ਕਿ ਜਿੰਨੀ ਕਮਾਈ ਤੀਹ ਕਿਸਾਨ ਕਰਦੇ ਹਨ ਸਰਕਾਰ ਦਾ ਓਨਾ ਖ਼ਰਚ ਕਾਲਜ ਵਿੱਚ ਪੜ੍ਹਨ ਵਾਲੇ ਇਕ ਵਿਦਿਆਰਥੀ 'ਤੇ ਰੋਜ਼ ਹੁੰਦਾ ਹੈ। ਜੇ ਕੋਈ ਵਿਦਿਆਰਥੀ ਇਕ ਕਾਲਜ ਵਿੱਚ ਪੰਜ ਸਾਲ ਵਿਦਿਆ ਪ੍ਰਾਪਤ ਕਰੇ ਤਾਂ ਉਸ ਉੱਤੇ ਇਕ ਕਿਸਾਨ ਦੀ ਡੇਢ ਸੌ (੧੫੦) ਸਾਲਾਂ ਦੀ ਕਮਾਈ ਜਿੰਨਾ ਖ਼ਰਚ ਹੋ ਜਾਂਦਾ ਹੈ। ਤੁਸੀਂ ਸਾਰੇ ਬੀ. ਏ. ਜਾਂ ਐਮ. ਏ. ਪਾਸ ਹੋਵੋਗੇ । ਤੁਹਾਡੇ ਵਿੱਚੋਂ ਹਰ ਇਕ ਨੇ ਘੱਟੋ-ਘੱਟ ਪੰਜ ਸਾਲ ਕਾਲਜ ਦੀ ਵਿਦਿਆ ਪ੍ਰਾਪਤ ਕੀਤੀ ਹੋਈ

ਹੈ। ਤੁਸੀਂ ਆਪਣੇ ਸਿਰ 'ਤੇ ਚੜ੍ਹੇ ਹੋਏ ਕਰਜ਼ੇ ਦਾ ਆਪ ਅਨੁਮਾਨ ਲਾ ਲਵੋ ਕਿ ਡਾਕਟਰੀ ਕਾਲਜ ਦੇ ਵਿਦਿਆਰਥੀ 'ਤੇ ਹੋਣ ਵਾਲੇ ਖ਼ਰਚ ਦੇ ਹਿਸਾਬ ਨਾਲ ਤੁਹਾਡੇ 'ਤੇ ਦੇਸ਼ ਦਾ ਕਿੰਨਾ ਖ਼ਰਚ ਹੋਇਆ ਹੋਵੇਗਾ। ਇਸ ਕਰਜ਼ੇ ਨੂੰ ਹਿੰਦੁਸਤਾਨ ਦੇ ਉੱਚੀ ਵਿਦਿਆ ਵਾਲੇ ਹਰ ਬੰਦੇ ਨੇ ਕਿਸ ਤਰ੍ਹਾਂ ਉਤਾਰਨਾ ਹੈ, ਇਸ ਗੱਲ ਦਾ ਪਤਾ ਉਸ ਵਿਖਿਆਨ ਤੋਂ ਲੱਗਦਾ ਹੈ ਜੋ ਤਨਜ਼ਾਨੀਆਂ ਦੇਸ਼ ਦੇ ਪ੍ਰਧਾਨ ਸ੍ਰੀ ਨਰਾਰੇ ਨੇ ਆਪਣੀ ਭਾਰਤ ਦੀ ਯਾਤਰਾ ਵਿੱਚ ਭਾਰਤ ਦੇ ਉੱਚੀ ਵਿਦਿਆ ਵਾਲੇ ਬੰਦਿਆਂ ਨੂੰ ਦਿੱਤਾ ਸੀ। ਉਸ ਨੇ ਉਨ੍ਹਾਂ ਵਿਦਵਾਨਾਂ ਨੂੰ ਕਿਹਾ ਸੀ ਕਿ ਤੁਹਾਡੇ ਦੇਸ਼ ਦੇ ਕਈ ਬੰਦਿਆਂ ਨੇ ਬਹੁਤ ਉੱਚੀ ਵਿਦਿਆ ਪ੍ਰਾਪਤ ਕੀਤੀ ਹੁੰਦੀ ਹੈ ਤੇ ਕਈ ਗ਼ਰੀਬੀ ਦੇ ਕਾਰਣ ਅਨਪੜ੍ਹ ਰਹਿ ਗਏ ਹੁੰਦੇ ਹਨ। ਉਸ ਨੇ ਉੱਚੀ ਵਿਦਿਆ ਵਾਲੇ ਬੰਦਿਆਂ ਨੂੰ ਕਿਹਾ ਸੀ ਕਿ ਤੁਹਾਨੂੰ ਉੱਚੀ ਵਿਦਿਆ ਪ੍ਰਾਪਤ ਕਰਨ ਦਾ ਜੋ ਅਵਸਰ ਮਿਲਿਆ ਹੈ ਉਸ ਦੀ ਮਿਸਾਲ ਇਹ ਹੈ ਕਿ ਜਿਵੇਂ ਭੁੱਖ ਨਾਲ ਮਰ ਰਹੇ ਕਿਸੇ ਪਿੰਡ ਦੇ ਬੰਦਿਆਂ ਨੇ ਆਪਣੀ ਭੁੱਖ ਨੂੰ ਦੂਰ ਕਰਨ ਦਾ ਰਾਹ ਇਹ ਲੱਭਿਆ ਹੋਵੇ ਕਿ ਉਨ੍ਹਾਂ ਨੇ ਆਪਣੇ ਪਿੰਡ ਦੇ ਕਿਸੇ ਨਿੱਗਰ ਸ਼ਰੀਰ ਵਾਲੇ ਜਵਾਨ ਬੰਦੇ ਨੂੰ ਇਸ ਕੰਮ ਲਈ ਚੁਣਿਆ ਹੋਵੇ ਕਿ ਉਹ ਦੂਰ-ਦੁਰਾਡੇ ਜਾ ਕੇ ਕੁਝ ਦਿਨਾਂ ਵਿੱਚ ਉਨ੍ਹਾਂ ਸਾਰਿਆਂ ਲਈ ਫ਼ਸਲ ਆਉਣ ਤੋਂ ਪਹਿਲਾਂ ਦੇ ਕਾਲ ਦੇ ਸਮੇਂ ਲਈ ਲੋੜੀਂਦਾ ਅਨਾਜ ਲੈ ਆਵੇ । ਉਹ ਉਸ ਨੂੰ ਉਸ ਦੇ ਬਾਹਰ ਰਹਿਣ ਦੇ ਦਿਨਾਂ ਲਈ ਆਟਾ-ਦਾਲ ਤੇ ਸ਼ੱਕਰ ਆਦਿਕ ਵਸਤਾਂ ਦਾ ਪੂਰਾ ਰਾਸ਼ਨ ਦੇ ਦੇਣਗੇ ਤੇ ਆਪ ਸਾਰੇ ਓਨੇ ਦਿਨ ਭੁੱਖੇ ਰਹਿਣਗੇ, ਕਿਉਂਕਿ ਪਿੰਡ ਦੇ ਸਾਰੇ ਘਰਾਂ ਦਾ ਰਾਸ਼ਨ ਇਕੱਲੇ ਬੰਦੇ ਦੇ ਕੁਝ ਦਿਨ ਟਪਾਉਣ ਜੋਗਾ ਹੀ ਹੈ। ਦੇਸ਼ ਵਿੱਚ ਇਸ ਸਮੇਂ ਨੌਕਰੀ ਕਰਨ ਵਾਲੇ ਹਰ ਵਰਗ ਵੱਲੋਂ ਹੱਕਾਂ ਦੀ ਮੰਗਾਂ ਦੀ ਦੁਹਾਈ ਪੈ ਰਹੀ ਹੈ ਤੇ ਜਣੇ-ਖਣੇ ਦੇ ਮੂੰਹ 'ਤੇ ਅਧਿਕਾਰ ਸ਼ਬਦ ਚੜ੍ਹ ਚੁੱਕਾ ਹੈ। ਪਰ ਆਪਣੇ ਅਧਿਕਾਰਾਂ ਦੀ ਮੰਗ ਕਰਦਾ ਹੋਇਆ ਕੋਈ ਵਿਰਲਾ ਬੰਦਾ ਹੀ ਆਪਣੇ ਕਰਤੱਵਾਂ ਨੂੰ ਜਾਣਨ ਤੇ ਪੂਰਾ ਕਰਨ ਦਾ ਖ਼ਿਆਲ ਕਰਦਾ ਹੈ। ਇਸ ਸਮੇਂ ਦੇਸ਼ ਦੇ ਨੌਕਰੀ ਪੇਸ਼ਾ ਬੰਦਿਆਂ ਨੂੰ ਉਨ੍ਹਾਂ ਦੇ ਕਰਤੱਵਾਂ ਦੀ ਸਿੱਖਿਆ ਦੇਣ ਦੀ ਲੋੜ ਹੈ।

ਮਦਰਾਸ ਦੇ ਪ੍ਰਸਿੱਧ ਸਪਤਾਹਿਕ ਅੰਗਰੇਜ਼ੀ ਅਖ਼ਬਾਰ 'ਸਵਰਾਜ' ਦੇ ਅਗਸਤ ੧੯੭੮ ਦੇ ਇਕ ਪਰਚੇ ਵਿੱਚ ਛਪਿਆ ਸੀ ਕਿ ਪ੍ਰਧਾਨ ਸ੍ਰੀ ਸੰਜੀਵਾ ਰੈਡੀ ਨੇ ਕਿਹਾ ਹੈ ਕਿ ਜਿਵੇਂ ਧਰਤੀ ਦੀ ਮਲਕੀਅਤ ਦੀ ਹੱਦ ਨਿਯਤ ਕੀਤੀ ਗਈ ਹੈ ਇਵੇਂ ਹੀ ਆਮਦਨ ਦੀ ਹੱਦ ਮਿਥੀ ਜਾਣੀ ਚਾਹੀਦੀ ਹੈ। ਅਖ਼ਬਾਰ ਵਿੱਚ ਲਿਖਿਆ ਗਿਆ ਸੀ ਕਿ ਜਿਨ੍ਹਾਂ ਅਫ਼ਸਰਾਂ ਦੀ ਤਨਖ਼ਾਹ ੨੦੦੦/- ਰੁਪਏ ਮਹੀਨਾ ਹੈ, ਨਾਲ ਮਕਾਨ ਦਾ ਅਲਾਉਂਸ, ਮੋਟਰਕਾਰ ਦਾ ਅਲਾਉਂਸ,



ਉਨ੍ਹਾਂ ਦਾ ਆਪਣਾ ਤੇ ਉਨ੍ਹਾਂ ਦੇ ਟੱਬਰਾਂ ਦਾ ਇਲਾਜ, ਮੁਫ਼ਤ ਦੀਆਂ ਸਹੂਲਤਾਂ ਦੇ ਨਾਲ ਕਈ ਹੋਰ ਸਹੂਲਤਾਂ ਜਿਨ੍ਹਾਂ ਨੂੰ ਮਿਲਦੀਆਂ ਹੁੰਦੀਆਂ ਹਨ ਉਨ੍ਹਾਂ ਨੂੰ ਆਪਣੀ ੨੦੦੦/- ਰੁਪਏ ਦੀ ਤਨਖ਼ਾਹ ਨਾਲ ਗੁਜ਼ਾਰਾ ਕਰਨਾ ਚਾਹੀਦਾ ਹੈ ਤੇ ਨਾਲ ਕੋਈ ਅਲਾਉਂਸ ਜਾਂ ਹੋਰ ਸਹੂਲਤ ਨਹੀਂ ਲੈਣੀ ਚਾਹੀਦੀ, ਕਿਉਂਕਿ ਬਾਕੀ ਦੇ ਸਾਰੇ ਅਲਾਉਂਸ ਸਰਕਾਰੀ ਖ਼ਜ਼ਾਨੇ ਦੀ ਅਯੋਗ ਵਰਤੋਂ ਹੈ। ਉਨ੍ਹਾਂ ਅਫ਼ਸਰਾਂ ਨੂੰ ਸਾਦਾ ਤੇ ਘੱਟ ਖ਼ਰਚਾਂ ਵਾਲਾ ਜੀਵਨ ਗੁਜ਼ਾਰਨਾ ਚਾਹੀਦਾ ਹੈ। ਅਖ਼ਬਾਰ ਨੇ ਲਿਖਿਆ ਸੀ ਕਿ ਜਿਸ ਦੇਸ਼ ਵਿੱਚ ਦਵਾਈ ਤੋਂ ਬਿਨਾਂ ਗ਼ਰੀਬ ਆਦਮੀ ਸੜਕ ਉੱਪਰ ਮਰ ਰਿਹਾ ਹੋਵੇ ਉਸ ਦੇਸ਼ ਦੇ ਸਰਕਾਰੀ ਅਫ਼ਸਰਾਂ ਨੂੰ ਅਮੀਰਾਂ ਵਾਲੇ ਫ਼ਜ਼ੂਲ ਖ਼ਰਚ ਕਰਨੇ ਨਹੀਂ ਸ਼ੋਭਦੇ। ਅਜਿਹਾ ਕਰਕੇ ਉਹ ਦੇਸ਼ ਨਾਲ ਪਾਪ ਕਮਾਉਂਦੇ ਹਨ।

ਮੈਂ ਕਿਹਾ ਕਿ ਚੰਡੀਗੜ੍ਹ ਦੇ ਹਾਈਕੋਰਟ ਦੇ ਜੱਜਾਂ ਦੀਆਂ ਕੋਠੀਆਂ ਹਾਈਕੋਰਟ ਦੇ ਲਾਗੇ ਹਨ। ਉਹ ਜੱਜ ਪੈਦਲ ਹਾਈਕੋਰਟ ਨੂੰ ਜਾ ਸਕਦੇ ਹਨ, ਸਾਈਕਲ 'ਤੇ ਜਾ ਸਕਦੇ ਹਨ, ਇਕ ਮੋਟਰਕਾਰ ਵਿੱਚ ਚਾਰ ਜੱਜ ਹਾਈਕੋਰਟ ਨੂੰ ਜਾ ਸਕਦੇ ਹਨ। ਇਸੇ ਤਰ੍ਹਾਂ ੧੯ ਸੈਕਟਰ ਦੇ ਸਾਰੇ ਅਫ਼ਸਰ ਸਾਈਕਲਾਂ 'ਤੇ ਦਫ਼ਤਰ ਨੂੰ ਜਾ ਸਕਦੇ ਹਨ; ਪਰ ਉਨ੍ਹਾਂ ਵਿੱਚ ਕੋਈ ਵੀ ਪੈਦਲ ਜਾਂ ਸਾਈਕਲ 'ਤੇ ਦਫ਼ਤਰ ਨੂੰ ਜਾਣ ਲਈ ਤਿਆਰ ਨਹੀਂ ਹੋਵੇਗਾ ।

ਮੈਂ ਅਧਿਆਪਕਾਂ ਨੂੰ ਕਿਹਾ ਕਿ ਤੁਸੀਂ ਆਪਣੇ ਹੱਕਾਂ ਦੀ ਮੰਗ ਕਰਦੇ ਹੋਏ ਇਹ ਵੀ ਤੱਕਣਾ ਹੈ ਕਿ ਦੇਸ਼ ਦੀ ਸਰਕਾਰ ਕਿਸ ਹੱਦ ਤਕ ਤਨਖ਼ਾਹਾਂ ਦਾ ਵਧਿਆ ਬੋਝ ਝੱਲ ਸਕਦੀ ਹੈ। ਉਸ ਹੱਦ ਤਕ ਹੀ ਤੁਹਾਨੂੰ ਮੰਗਾਂ ਰੱਖਣੀਆਂ ਚਾਹੀਦੀਆਂ ਹਨ। ਮੈਂ ਇਹ ਨਹੀਂ ਕਹਿੰਦਾ ਕਿ ਤੁਸੀਂ ਆਪਣੀਆਂ ਜ਼ਰੂਰੀ ਲੋੜਾਂ ਤੇ ਆਪਣੇ ਅਧਿਕਾਰਾਂ ਵੱਲੋਂ ਅੱਖਾਂ ਮੀਟ ਛੱਡੋ । ਮੈਂ ਤਾਂ ਤੁਹਾਨੂੰ ਕੇਵਲ ਇਹ ਗੱਲ ਕਹਿਣੀ ਹੈ ਕਿ ਦੇਸ਼ ਵਿੱਚ ਹੱਕਾਂ ਨੂੰ ਮੰਗਣ ਦੀ ਜਿਹੜੀ ਹਵਾ ਚਲੀ ਹੋਈ ਹੈ ਤੇ ਨਿਰੇ ਹੱਕਾਂ ਨੂੰ ਅੱਗੇ ਰੱਖ ਲੈਣਾ, ਪਰ ਦੇਸ਼ ਦੇ ਖ਼ਜ਼ਾਨੇ ਦੀ ਸਮਰੱਥਾ ਨੂੰ ਸਨਮੁੱਖ ਨਾ ਰੱਖਣਾ ਬੇਸਮਝੀ ਦੀ ਗੱਲ ਹੈ । ਤੁਹਾਨੂੰ ਆਪਣੇ ਅਯੋਗ ਖ਼ਰਚਾਂ ਨੂੰ ਕਰਨ ਤੋਂ ਰੁਕਣਾ ਤੇ ਉਨ੍ਹਾਂ ਨੂੰ ਛੱਡਣਾ ਵੀ ਪਵੇਗਾ। ਉੱਪਰ ਤੁਹਾਨੂੰ ੨੦੦੦ ਰੁਪਏ ਮਹੀਨਾ ਤਨਖ਼ਾਹ ਲੈਣ ਵਾਲੇ ਅਫ਼ਸਰਾਂ ਦੀ ਮਿਸਾਲ ਦੇ ਦਿੱਤੀ ਗਈ ਹੈ। ੨੦੦੦ ਰੁਪਏ ਤਨਖਾਹ ਹੁੰਦਿਆਂ ਉਨ੍ਹਾਂ ਦੇ ਅਲਾਉਂਸ ਵੀ ਹਨ। ਮੈਂ ਕਿਹਾ ਕਿ ਸਮਾਂ ਆ ਗਿਆ ਹੈ ਜਦ ਭਾਰਤ ਦੇ ਲੋਕਾਂ ਨੂੰ ਇਟਲੀ ਦੇਸ਼ ਦੇ ਸੰਸਾਰ-ਪ੍ਰਸਿੱਧ ਦੇਸ਼ ਭਗਤ ਗੈਰੀ-ਬਾਲਡੀ ਦਾ ਸੁਨੇਹਾ ਦਿੱਤਾ ਜਾਵੇ। ਉਸ ਨੇ ਮਨੁੱਖ ਦੇ ਕਰਤੱਵਾਂ 'ਤੇ ਇਕ ਪੁਸਤਕ ਲਿਖੀ

ਸੀ। ਉਸ ਪੁਸਤਕ ਨੂੰ ਲਿਖਣ ਦੀ ਲੋੜ ਉਸ ਨੂੰ ਇਸ ਲਈ ਪੈ ਗਈ ਸੀ ਕਿਉਂਕਿ ਕਈ ਸਾਲ ਪਹਿਲਾਂ ਉਸ ਦੇਸ਼ ਦਾ ਦੇਸ਼ ਭਗਤ ਮੈਜ਼ਿਨੀ ਮਨੁੱਖ ਦੇ ਅਧਿਕਾਰਾਂ 'ਤੇ ਇਕ ਪੁਸਤਕ ਲਿਖ ਗਿਆ ਸੀ। ਉਸ ਪੁਸਤਕ ਨੂੰ ਪੜ੍ਹ ਕੇ ਇਟਲੀ ਦੇ ਹਰ ਵਰਗ ਪਾਸੋਂ ਹੱਕਾਂ ਦੀਆਂ ਮੰਗਾਂ ਦੀ ਦੁਹਾਈ ਪੈ ਗਈ ਸੀ; ਜਣਾ-ਖਣਾ ਆਪਣੇ ਅਧਿਕਾਰਾਂ ਦੀ ਮੰਗ ਕਰ ਰਿਹਾ ਸੀ, ਪਰ ਕਰਤੱਵਾਂ ਨੂੰ ਹਰ ਕੋਈ ਭੁੱਲ ਗਿਆ ਸੀ।

**ਪੈਨਸ਼ਨ–** ਮੈਂ ਕਿਹਾ ਕਿ ਬੁਢਾਪੇ ਵਿੱਚ ਪੈਨਸ਼ਨ ਦੀ ਲੋੜ ਹੁੰਦੀ ਹੈ ਤੇ ਤੁਸੀਂ ਵੀ ਪੈਨਸ਼ਨ ਦੀ ਮੰਗ ਕੀਤੀ ਹੈ; ਪਰ ਜਿਤਨੀ ਪੈਨਸ਼ਨ ਇਕ ਅਧਿਆਪਕ ਨੂੰ ਮਿਲ ਸਕਦੀ ਹੈ ਉਤਨੀ ਕਿਸੇ ਹੋਰ ਬੰਦੇ ਨੂੰ ਨਹੀਂ ਮਿਲ ਸਕਦੀ । ਦੇਸ਼ ਤੇ ਦੁਨੀਆਂ ਦੇ ਹਾਲਾਤ ਦਾ ਅਧਿਐਨ ਕਰਕੇ ਅਧਿਆਪਕ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖਤ ਵਿੱਚ ਆਉਣ ਵਾਲੇ ਸਾਰੇ ਖ਼ਤਰਿਆਂ ਤੋਂ ਖ਼ਬਰਦਾਰ ਕਰ ਸਕਦੇ ਹਨ। ਉਨ੍ਹਾਂ ਦੇ ਆਚਰਣ ਨੂੰ ਘੜਦੇ ਹੋਏ ਉਹ ਉਨ੍ਹਾਂ ਨੂੰ ਜੀਵਨ-ਸੰਗਰਾਮ ਲਈ ਤਿਆਰ ਕਰ ਸਕਦੇ ਹਨ । ਕਿਸੇ ਵਿਦਵਾਨ ਦਾ ਕਥਨ ਹੈ—

**A child's brain is a fire to be ignited, it is not a pot to be filled.**

ਅਰਥਾਤ ਬੱਚੇ ਦਾ ਦਿਮਾਗ਼ ਇਕ ਅਗਨੀ ਹੁੰਦੀ ਹੈ ਜਿਸ ਨੂੰ ਬਲਦੀ ਹੋਈ ਤੇਜ਼ ਅੱਗ ਕਰਨਾ ਹੁੰਦਾ ਹੈ। ਇਹ ਕੋਈ ਭਾਂਡਾ ਨਹੀਂ ਹੁੰਦਾ ਜਿਸ ਨੂੰ ਕਿਸੇ ਵਸਤੂ ਨਾਲ ਭਰਨਾ ਹੋਵੇ। ਮੈਂ ਅਧਿਆਪਕਾਂ ਨੂੰ ਕਿਹਾ ਕਿ ਮਨੁੱਖ ਦੇ ਜੀਵਨ ਦੀ ਘਾੜਤ ਕਰਨ ਵਾਲੇ ਚਾਰ ਵਿਅਕਤੀ ਹੁੰਦੇ ਹਨ-ਮਾਤਾ, ਪਿਤਾ ਅਤਿਥੀ ਤੇ ਗੁਰੂ। ਉਨ੍ਹਾਂ ਵਿੱਚੋਂ ਗੁਰੂ ਅਰਥਾਤ ਇਕ ਅਧਿਆਪਕ ਹੁੰਦਾ ਹੈ। ਸੋ ਜੇ ਤੁਸੀਂ ਪੂਰੀ ਲਗਨ ਨਾਲ ਦੇਸ਼ ਤੇ ਦੁਨੀਆਂ ਦਾ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰਕੇ ਬੱਚਿਆਂ ਨੂੰ ਪੜ੍ਹਾਉਗੇ, ਉਨ੍ਹਾਂ ਨੂੰ ਸਫਲ ਜੀਵਨ ਲਈ ਤਿਆਰ ਕਰੋਗੇ ਤੇ ਦੇਸ਼ ਤੇ ਦੁਨੀਆਂ ਵਿੱਚ ਚਮਕਣ ਵਾਲੇ ਬਣਾਉਗੇ ਤਾਂ ਉਹ ਸਾਰੀ ਉਮਰ ਤੁਹਾਡੇ ਕਰਜ਼ੇ ਹੇਠ ਦੱਬੇ ਰਹਿਣਗੇ। ਤੁਹਾਡੇ ਕਰਜ਼ੇ ਨੂੰ ਉਤਾਰਨ ਦਾ ਉਨ੍ਹਾਂ ਦਾ ਸਾਰੀ ਉਮਰ ਦਾ ਚਾਅ ਬਣਿਆ ਰਹੇਗਾ। ਤੁਹਾਡਾ ਪੜ੍ਹਾਇਆ ਹੋਇਆ ਕੋਈ ਵਿਅਕਤੀ ਡਿਪਟੀ ਕਮਿਸ਼ਨਰ ਹੋਵੇਗਾ, ਕੋਈ ਸੁਪਰਿਨਟੈਂਡੈਂਟ ਪੁਲੀਸ ਹੋਵੇਗਾ, ਕੋਈ ਜੱਜ ਹੋਵੇਗਾ, ਕੋਈ ਫ਼ੌਜੀ ਅਫ਼ਸਰ ਹੋਵੇਗਾ। ਉਨ੍ਹਾਂ ਦੀ ਗਿਣਤੀ ਹਜ਼ਾਰਾਂ ਦੀ ਹੋਵੇਗੀ। ਤੁਹਾਡੇ ਅੱਗੇ ਸ਼ੁਕਰਾਨੇ ਭੇਟ ਕਰਨ ਲਈ ਉਨ੍ਹਾਂ ਦੀ ਵਾਰੀ ਨਹੀਂ ਆਵੇਗੀ। ਮੈਂ ਕਿਹਾ ਕਿ ਭਾਰਤ ਦੇ



ਸੱਭਿਆਚਾਰ ਵਿੱਚ ਗੁਰੂ ਜਾਂ ਉਸਤਾਦ ਦੀ ਪਦਵੀ ਬਹੁਤ ਉੱਚੀ ਹੈ। ਉਸ ਨੂੰ ਸਮਾਜ ਵੱਲੋਂ ਪੂਜਾ ਦਾ ਅਸਥਾਨ ਪ੍ਰਾਪਤ ਹੈ। ਇਸ ਅਸਥਾਨ ਨੂੰ ਸੰਭਾਲ ਕੇ ਰੱਖਣ ਲਈ ਤੁਸੀਂ ਅਧਿਆਪਕਾਂ ਨੇ ਆਪਣੀਆਂ ਮੰਗਾਂ ਦੇ ਮੁਆਮਲੇ ਵਿੱਚ ਬੜਾ ਸਾਵਧਾਨ ਰਹਿਣਾ ਹੈ ਅਤੇ ਆਮ ਵਰਗਾਂ ਦੇ ਮੰਗਾਂ ਦੇ ਵਹਿਣ ਵਿੱਚ ਨਹੀਂ ਵਹਿਣਾ ਕਿਉਂਕਿ ਹਰ ਅਧਿਕਾਰ ਦੀ ਪਿੱਠ ਉੱਤੇ ਇਕ ਕਰਤੱਵ ਚੜ੍ਹਿਆ ਹੁੰਦਾ ਹੈ । ਅਧਿਆਪਕ ਅਜਿਹੀ ਕਰਨੀ ਕਰ ਸਕਦੇ ਹਨ ਕਿ ਉਨ੍ਹਾਂ ਦੇ ਬੁਢਾਪੇ ਦੇ ਸਮੇਂ ਵਿੱਚ ਉਨ੍ਹਾਂ ਉੱਪਰ ਪੈਨਸ਼ਨਾਂ ਦਾ ਮੀਂਹ ਪੈਂਦਾ ਰਹੇ। ਮੈਂ ਕਿਹਾ ਕਿ ੪੦ ਕੁ ਸਾਲ ਪਹਿਲਾਂ ਅਮਰੀਕਾ ਦੇਸ਼ ਦੇ ਕਿਸੇ ਵਿਦਵਾਨ ਨੇ ਉਸ ਦੇਸ਼ ਦੇ ਸੰਸਾਰ-ਪ੍ਰਸਿੱਧ ਮਾਸਿਕ ਪੱਤਰ ਰੀਡਰਜ਼ ਡਾਈਜੈਸਟ ਵਿੱਚ ਲਿਖਿਆ ਸੀ ਕਿ 'ਅਮਰੀਕਾ ਨਿਵਾਸੀਓ, ਤੁਸੀਂ ਬੇਲੋੜੇ ਖ਼ਰਚਾਂ ਨੂੰ ਵਧਾ-ਵਧਾ ਕੇ ਆਪਣੇ ਆਪ ਨੂੰ ਖਾਹ ਮਖਾਹ ਗ਼ਰੀਬ ਸਮਝਣ ਦੇ ਪੁੱਠੇ ਰਾਹਾਂ 'ਤੇ ਤੁਰੇ ਜਾ ਰਹੇ ਹੋ। ਅਸੀਂ ਆਪਣੀਆਂ ਜ਼ਰੂਰੀ ਲੋੜਾਂ ਦੀ ਪੂਰਤੀ ਵਜੋਂ ਗ਼ਰੀਬ ਨਹੀਂ ਹਾਂ ਬਲਕਿ ਅਯੋਗ ਇੱਛਾਵਾਂ ਦੀ ਪੂਰਤੀ ਵਜੋਂ ਗ਼ਰੀਬ ਹਾਂ। **"We are poor because of our greed but not in terms of our needs."** ਉਸ ਨੇ ਲਿਖਿਆ ਸੀ ਕਿ ਜੇਕਰ ਕਿਸੇ ਦੇਸ਼ ਦੇ ਸਾਰੇ ਬੰਦੇ ਅੰਨ੍ਹੇਵਾਹ ਖ਼ਰਚ ਕਰਨ ਦੇ ਰਾਹ 'ਤੇ ਤੁਰ ਪੈਣ ਤੇ ਅਜਿਹਾ ਕਰਦੇ ਹੋਏ ਉਹ ਖਾਹ ਮਖਾਹ ਆਪਣੇ ਆਪ ਨੂੰ ਗ਼ਰੀਬ ਸਮਝੀ ਜਾਣ, ਅਜਿਹੀ ਜੀਵਨ ਚਾਲ ਬੜੀ ਲੱਜਾਜਨਕ ਚਾਲ ਹੁੰਦੀ ਹੈ । ਉਸ ਨੇ ਲਿਖਿਆ ਸੀ ਕਿ ਪਿਛਲੇ ਜ਼ਮਾਨੇ ਵਿੱਚ ਲੋਕੀਂ ਸਾਦਾ ਜੀਵਨ ਬਤੀਤ ਕਰਦੇ ਹੋਏ ਆਪਣੇ ਉੱਤੇ ਘੱਟ ਖ਼ਰਚ ਕਰਦੇ ਸਨ। ਮਿਸਾਲ ਵਜੋਂ ਲੇਖਕ ਨੇ ਲਿਖਿਆ ਸੀ ਕਿ ਪਿਛਲੇ ਜ਼ਮਾਨੇ ਵਿੱਚ ਹਰ ਬੰਦੇ ਪਾਸ ਦੋ ਜੁੱਤੀਆਂ ਹੁੰਦੀਆਂ ਸਨ—ਇਕ ਪ੍ਰਤੀ-ਦਿਨ ਪਹਿਨਣ ਵਾਲੀ ਜੁੱਤੀ ਤੇ ਇਕ ਦਿਨ-ਦਿਹਾਰ ਨੂੰ ਕਦੇ ਕਦੇ ਪਹਿਨਣ ਵਾਲੀ ਜੁੱਤੀ । ਵਰਤਮਾਨ ਕਾਲ ਵਿੱਚ ਹਰ ਇਕ ਬੰਦੇ ਪਾਸ ਜੁੱਤੀਆਂ ਹੀ ਕਈ ਹੁੰਦੀਆਂ ਹਨ—ਇਕ ਸੈਰ ਨੂੰ ਜਾਣ ਵੇਲੇ ਪਹਿਨਣ ਵਾਲੀ ਜੁੱਤੀ, ਇਕ ਖੇਡਣ ਵੇਲੇ ਪਹਿਨਣ ਵਾਲੀ ਜੁੱਤੀ ਤੇ ਇਕ ਖ਼ਾਸ ਸਮਿਆਂ 'ਤੇ ਪਹਿਨਣ ਵਾਲੀ ਜੁੱਤੀ। ਇਸੇ ਤਰ੍ਹਾਂ ਪਿਛਲੇ ਜ਼ਮਾਨੇ ਵਿੱਚ ਹਰ ਬੰਦੇ ਪਾਸ ਦੋ ਕੋਟ ਹੀ ਹੁੰਦੇ ਸਨ। ਇਕ ਪ੍ਰਤੀ-ਦਿਨ ਪਹਿਨਣ ਵਾਲਾ ਕੋਟ ਤੇ ਇਕ ਖ਼ਾਸ ਅਵਸਰਾਂ 'ਤੇ ਪਹਿਨਣ ਵਾਲਾ ਕੋਟ। ਪਰ ਵਰਤਮਾਨ ਕਾਲ ਵਿੱਚ ਹਰ ਬੰਦੇ ਪਾਸ ਕਈ ਕੋਟ ਹੁੰਦੇ ਹਨ, ਇਕ ਨੌਕਰੀ 'ਤੇ ਜਾਣ ਵੇਲੇ ਪਹਿਨਣ ਵਾਲਾ ਕੋਟ, ਇਕ ਮੀਂਹ ਪੈਣ ਵੇਲੇ ਪਹਿਨਣ ਵਾਲਾ ਕੋਟ, ਇਕ ਖਾਸ ਅਵਸਰਾਂ 'ਤੇ ਪਹਿਨਣ ਵਾਲਾ ਕੋਟ, ਇਕ ਖੇਡਣ ਵੇਲੇ ਪਹਿਨਣ ਵਾਲਾ ਕੋਟ। ਉਸ ਲੇਖਕ ਨੇ ਲਿਖਿਆ ਹੈ

ਕਿ ਮੇਰੇ ਘਰ ਦੇ ਲਾਗੇ ਇਕ ਪਤੀ ਪਤਨੀ ਦਾ ਜੋੜਾ ਰਹਿੰਦਾ ਹੈ, ਜਿਸ ਜੋੜੇ ਨੇ ਆਪਣੇ ਪਾਸ ਮੋਟਰਕਾਰ ਵੀ ਰੱਖੀ ਹੋਈ ਹੈ ਤੇ ਜਿਹੜਾ ਗਰਮੀਆਂ ਦੇ ਦਿਨਾਂ ਵਿੱਚ ਪਹਾੜਾਂ ਨੂੰ ਵੀ ਜਾਂਦਾ ਹੈ। ਫਿਰ ਦੱਸੋ ਕਿ ਜਦੋਂ ਆਦਮੀ ਆਪਣੇ ਖ਼ਰਚਾਂ ਨੂੰ ਹਰ ਪਾਸੇ ਤੋਂ ਵਧਾਈ ਜਾਵੇ ਤਾਂ ਉਹ ਖ਼ਰਚ ਵੱਲੋਂ ਤੰਗ ਕਿਉਂ ਨਾ ਹੋਵੇ? ਇੱਥੇ ਇਹ ਗੱਲ ਦੱਸੀ ਜਾਣ ਵਾਲੀ ਹੈ ਕਿ ਅਮਰੀਕਾ ਦਾ ਹਰ ਬੰਦਾ ਆਪਣੀ ਆਮਦਨ ਦਾ ਚੌਥਾ ਹਿੱਸਾ ਕੇਵਲ ਮੋਟਰਕਾਰ ਦੇ ਰੱਖ ਰਖਾਓ ’ਤੇ ਹੀ ਖ਼ਰਚ ਕਰ ਦਿੰਦਾ ਹੈ। ਉਸ ਨੇ ਲਿਖਿਆ ਸੀ ਕਿ ਪਿਛਲੇ ਜ਼ਮਾਨੇ ਵਿੱਚ ਲੋਕੀਂ ਤਨਖ਼ਾਹ ਮਿਲਣ ’ਤੇ ਦੁਕਾਨਦਾਰ ਦਾ ਉਧਾਰ ਤੁਰੰਤ ਮੋੜ ਦਿੱਤਾ ਕਰਦੇ ਸਨ ਤੇ ਸਮਾਜਿਕ ਕੰਮਾਂ ਲਈ ਵੀ ਦਿਲ ਖੋਲ੍ਹ ਕੇ ਦਾਨ ਦਿੱਤਾ ਕਰਦੇ ਸਨ, ਪਰ ਵਰਤਮਾਨ ਕਾਲ ਵਿੱਚ ਦੁਕਾਨਦਾਰਾਂ ਦਾ ਉਧਾਰ ਵੇਲੇ ਸਿਰ ਨਹੀਂ ਦਿੱਤਾ ਜਾਂਦਾ ਅਤੇ ਨਾ ਹੀ ਲੋਕੀਂ ਸਮਾਜਿਕ ਕੰਮਾਂ ਲਈ ਦਾਨ ਪ੍ਰੇਮ ਨਾਲ ਜਾਂ ਚਾਉ ਨਾਲ ਦਿੰਦੇ ਹਨ, ਬਲਕਿ ਆਪਣੇ ਆਪ ਨੂੰ ਗ਼ਰੀਬ ਕਹਿੰਦੇ ਹੋਏ ਸਮਾਜਿਕ ਕੰਮਾਂ ਲਈ ਦਾਨ ਦੇਣ ਤੋਂ ਇਨਕਾਰ ਕਰਨ ਤਕ ਜਾਂਦੇ ਹਨ।

ਮੈਂ ਕਿਹਾ ਕਿ ਜਿੱਥੇ ਦੇਸ਼ ਦੀ ਗ਼ਰੀਬੀ ਹਰ ਦੇਸ਼ ਵਾਸੀ ਨੂੰ ਆਪਣੀਆਂ ਲੋੜਾਂ ਤੇ ਖ਼ਰਚਾਂ ਨੂੰ ਘਟਾਉਣ ਤੇ ਸਾਦੇ ਤੋਂ ਸਾਦਾ ਜੀਵਨ ਬਿਤਾਉਣ ਲਈ ਆਖ ਰਹੀ ਹੈ ਉੱਥੇ ਰੱਬ ਦੀ ਕੁਦਰਤ ਦੀ ਹਰ ਵਸਤ ਪਾਣੀ, ਧਰਤੀ, ਹਵਾ ਸਭ ਪੁਕਾਰ ਰਹੇ ਹਨ ਕਿ ਸੰਸਾਰ ਦੇ ਪਦਾਰਥਾਂ ਕੋਇਲਾ, ਪੈਟਰੋਲ, ਲੱਕੜ, ਆਦਿਕ ਵਸਤਾਂ ਦੀ ਵਰਤੋਂ ਨੂੰ ਘਟਾ ਕੇ ਸਾਨੂੰ ਨਸ਼ਟ ਹੋਣ ਤੋਂ ਬਚਾਉ। ਦੁਨੀਆਂ ਦੇ ਬੰਦੇ ਆਪਣੇ ਖ਼ਰਚਾਂ ਨੂੰ ਵਧਾਉਣ ਲਈ ਸੁਤੰਤਰ ਹਨ । ਉਹ ਅਯੋਗ ਢੰਗਾਂ ਨਾਲ ਆਮਦਨ ਵਧਾਉਣ ਵਿੱਚ ਸਫਲ ਹੋ ਸਕਦੇ ਹਨ ਤੇ ਆਪਣੀਆਂ ਅਯੋਗ ਇੱਛਾਵਾਂ ਵੀ ਪੂਰੀਆਂ ਕਰ ਸਕਦੇ ਹਨ; ਪਰ ਦੁਨੀਆਂ ਦੇ ਪਦਾਰਥਾਂ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਆਪਣੇ ਖ਼ਰਚਾਂ ਨੂੰ ਵਧਾਉਣ ਵਾਲਿਆਂ ਨੂੰ ਕੁਦਰਤ ਕਦੇ ਮੁਆਫ਼ ਨਹੀਂ ਕਰੇਗੀ । ਉਹ ਦੁਨੀਆਂ ਦੇ ਬੰਦਿਆਂ ਨੂੰ ਕਹਿ ਰਹੀ ਹੈ ਕਿ ਤੁਸੀਂ ਅੰਨ੍ਹੇਵਾਹ ਲੱਕੜ, ਕੋਇਲਾ, ਡੀਜ਼ਲ, ਪੈਟਰੋਲ ਆਦਿਕ ਵਸਤਾਂ ਨੂੰ ਸਾੜ ਕੇ ਵਾਯੂ-ਮੰਡਲ ਦੀ ਤਪਸ਼ ਨੂੰ ਵਧਾ ਰਹੇ ਹੋ ਤੇ ਉਸ ਨੂੰ ਜ਼ਹਿਰੀਲਾ ਵੀ ਬਣਾ ਰਹੇ ਹੋ । ਰੁੱਖਾਂ ਨੂੰ ਵੱਢ ਕੇ ਧਰਤੀ ਨੂੰ ਰੇਤ ਦਾ ਮਾਰੂਥਲ ਬਣਾ ਰਹੇ ਹੋ । ਸਮੁੰਦਰ ਦਾ ਪਾਣੀ ਵੀ ਜ਼ਹਿਰੀਲਾ ਬਣਾ ਰਹੇ ਹੋ ਜੋ ਤੁਹਾਨੂੰ ਜਿਊਣ ਲਈ ਪਲੈਂਕਟਨ ਗੈਸ ਦਿੰਦਾ ਹੈ। ਸਮੁੰਦਰ ਦੇ ਜੀਵ ਜ਼ਹਿਰ ਨਾਲ ਮਰ ਰਹੇ ਹਨ। ਜ਼ਹਿਰੀਲੀ ਹਵਾ ਨਾਲ ਅੰਬਾਂ ਵਰਗੇ ਫਲ ਸੜ ਰਹੇ ਹਨ।

ਮੈਂ ਅਧਿਆਪਕਾਂ ਨੂੰ ਕਿਹਾ ਕਿ ਤੁਸੀਂ ਦੇਸ਼ ਤੇ ਦੁਨੀਆਂ ਦੇ ਹਾਲਾਤ



ਦੀ ਡੂੰਘੀ ਤੋਂ ਡੂੰਘੀ ਪੜ੍ਹਾਈ ਕਰਕੇ ਦੇਸ਼ ਵਾਸੀਆਂ ਨੂੰ ਬਚਾ ਦੇ ਰਸਤੇ ’ਤੇ ਪਾਉਣਾ ਹੈ ਤਾਂ ਜੋ ਦੇਸ਼ ਦੇ ਖ਼ਜ਼ਾਨੇ ਦਾ ਤੁਹਾਡੇ ਸਿਰ ਤੋਂ ਕਰਜ਼ਾ ਉਤਰ ਜਾਵੇ। ਮਸ਼ੀਨੀ ਯੁੱਗ ਨੂੰ ਆਰੰਭ ਹੋਏ ਨੂੰ ਸਵਾ ਕੁ ਦੋ ਸੌ ਸਾਲ ਹੋਏ ਹਨ। ਇਸ ਸੱਭਿਅਤਾ ਨੇ ਮਨੁੱਖ ਕੋਲੋਂ ਕੁਦਰਤ ਦੇ ਸਾਰੇ ਪਦਾਰਥਾਂ ਦੀ ਅੰਨ੍ਹੇਵਾਹ ਦੁਰ-ਵਰਤੋਂ ਕਰਵਾ ਕੇ ਸੰਸਾਰ ਨੂੰ ਭਾਰੇ ਸੰਕਟਾਂ ਦੇ (**Mouth**) ਦਹਾਨੇ ’ਤੇ ਲੈ ਆਂਦਾ ਹੈ। ਮਨੁੱਖਤਾ ਦਾ ਬਚਾਅ ਕੇਵਲ ਸੰਜਮ, ਸੰਤੋਖ ਤੇ ਤਿਆਗ ਦਾ ਰਸਤਾ ਅਪਨਾਉਣ ਵਿੱਚ ਹੈ ਤਾਂ ਜੋ ਲੱਕੜ, ਕੋਇਲਾ, ਡੀਜ਼ਲ ਆਦਿ ਵਸਤਾਂ ਦੀ ਖ਼ਪਤ ਘਟ ਸਕੇ।

ਮੈਂ ਅਧਿਆਪਕਾਂ ਨੂੰ ਕਿਹਾ ਕਿ ਤੁਸੀਂ ਸੋਚ ਲਵੋ ਕਿ ਤੁਹਾਡੇ ’ਤੇ ਜ਼ਿੰਮੇਵਾਰੀ ਕਿਤਨੀ ਹੈ। ਆਬਾਦੀ ਵਧ ਰਹੀ ਹੈ, ਰੁੱਖ ਬੇਹਿਸਾਬੇ ਵੱਢੇ ਜਾ ਰਹੇ ਹਨ, ਧਰਤੀ ਰੇਤਾ ਹੋ ਰਹੀ ਹੈ। ਆਬਾਦੀ ਦੇ ਵਾਧੇ ਤੇ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਦੇ ਕਾਰਣ ਸੌ ਸਾਲਾਂ ਵਿੱਚ ਦੇਸ਼ ਦੀ ਸਾਰੀ ਧਰਤੀ ਨੇ ਰੇਤਾ ਹੋ ਜਾਣਾ ਹੈ ਤੇ ੨੦ ਸਾਲਾਂ ਤਕ ਦੇਸ਼ ਵਿੱਚ ਇਕ ਕਰੋੜ ਬੰਦਾ ਭੁੱਖ ਨਾਲ ਮਰਨਾ ਆਰੰਭ ਹੋ ਜਾਵੇਗਾ। ੧੦੦ ਸਾਲਾਂ ਤਕ ਇਕ ਕਰੋੜ ਬੰਦਾ ਭੁੱਖ ਨਾਲ ਹਰ ਸਾਲ ਮਰਦਾ ਜਾਣਾ ਹੈ। ਇਸ ਤਰ੍ਹਾਂ ਆਬਾਦੀ ਨੇ ੬੬ ਕਰੋੜ ਤੋਂ ੩੬ ਕਰੋੜ ’ਤੇ ਪੁੱਜ ਜਾਣਾ ਹੈ ।

ਮੈਂ ਕਿਹਾ ਕਿ ਸੰਸਾਰ ਦੀਆਂ ੨੧ ਤਹਿਜ਼ੀਬਾਂ ਨਸ਼ਟ ਹੋ ਚੁੱਕੀਆਂ ਹਨ । ਕੋਈ ਤਹਿਜ਼ੀਬ ਉਦੋਂ ਨਸ਼ਟ ਹੋਇਆ ਕਰਦੀ ਹੈ ਜਦੋਂ ਕਿਸੇ ਦੇਸ਼ ਦੇ ਰਚਨਾਤਮਿਕ ਘੱਟ ਗਿਣਤੀ ਦੇ ਬੰਦਿਆਂ ਦੇ ਹਿਰਦਿਆਂ ਵਿੱਚੋਂ ਰਚਨਾਤਮਿਕ ਚੰਗਿਆੜੀ ਸਮਾਪਤ ਹੋ ਜਾਵੇ। ਮੈਂ ਕਿਹਾ ਕਿ ਮਨੁੱਖ ਦੇ ਹਿਰਦੇ ਵਿੱਚ ਰਚਨਾਤਮਿਕ ਚੰਗਿਆੜੀ ਉਨ੍ਹਾਂ ਧਰਮ ਗ੍ਰੰਥਾਂ ਨੂੰ ਪੜ੍ਹਨ ਤੋਂ ਪੈਦਾ ਹੋਇਆ ਕਰਦੀ ਹੈ ਜਿਹੜੇ ਇਹ ਉਪਦੇਸ਼ ਦਿੰਦੇ ਹਨ ਕਿ ਸੰਸਾਰ ਦੇ ਸਾਰੇ ਜੀਵਾਂ ਵਿੱਚ ਰੱਬ ਵੱਸਦਾ ਹੈ—ਤੇ ਸਭ ਦੇ ਦੁੱਖਾਂ ਨੂੰ ਆਪਣੇ ਦੁੱਖ ਤੇ ਸਭ ਦੇ ਸੁੱਖਾਂ ਨੂੰ ਆਪਣੇ ਸੁੱਖ ਸਮਝੋ। ਮੈਂ ਕਿਹਾ ਕਿ ਇਕ ਸਾਧਾਰਣ ਬੰਦੇ ਦੀਆਂ ਸ਼ਕਤੀਆਂ ਦਾ ਵਿਕਾਸ ਸੌ ਵਿੱਚੋਂ ੧੫ ਪ੍ਰਤੀਸ਼ਤ ਹੋਇਆ ਕਰਦਾ ਹੈ । ਇਹ ਵਿਕਾਸ ੧੦੦ ਪ੍ਰਤੀਸ਼ਤ ਤਾਂ ਹੋਇਆ ਕਰਦਾ ਹੈ ਜੇਕਰ ਬੰਦਾ ਸੰਸਾਰ ਦੇ ਸਾਰੇ ਜੀਵਾਂ ਵਿੱਚ ਰੱਬ ਵੱਸਦਾ ਵੇਖੇ ਤੇ ਉਨ੍ਹਾਂ ਦੇ ਦੁੱਖਾਂ ਨੂੰ ਆਪਣੇ ਦੁੱਖ ਤੇ ਉਨ੍ਹਾਂ ਦੇ ਸੁੱਖਾਂ ਨੂੰ ਆਪਣੇ ਸੁੱਖ ਸਮਝੋ ।

(ਜੀਵਨ ਲਹਿਰ ਸਤੰਬਰ ੧੯੯੧ ’ਚੋਂ)

# ਦੇਹਾਤੀ ਖੇਡ ਕਬੱਡੀ ਦੀ ਮਹਿਮਾ

*ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਸਮਰਾਲਾ ਦਾ ਪਿੰਡ ਰਾਜੇਵਾਲ ਰੋਹਣੋਂ ਮੇਰੇ ਜਨਮ ਦਾ ਪਿੰਡ ਹੈ । ਉਸ ਪਿੰਡ ਦੇ ਬੰਦੇ ਪਿਛਲੇ ਦੋ ਸਾਲਾਂ ਤੋਂ ਮੈਨੂੰ ਹਰ ਸਾਲ ਦੇਹਾਤੀ ਖੇਡਾਂ ਦੇ ਇਕ ਟੂਰਨਾਮੈਂਟ 'ਤੇ ਬੁਲਾਉਂਦੇ ਰਹੇ ਹਨ ਜਿਹੜਾ ਆਲੇ-ਦੁਆਲੇ ਦੇ ੧੯ ਪਿੰਡਾਂ ਦੇ ਖਿਡਾਰੀਆਂ ਦਾ ਹੁੰਦਾ ਹੈ । ਇਸ ਸਾਲ ਮੈਂ ਕੁਝ ਖੇਡਾਂ ਬੜੇ ਧਿਆਨ ਨਾਲ ਦੇਖੀਆਂ । ਉਹਨਾਂ ਖੇਡਾਂ ਵਿੱਚੋਂ ਕਬੱਡੀ ਨੇ ਮੇਰੇ ਹਿਰਦੇ 'ਤੇ ਖ਼ਾਸ ਤੌਰ 'ਤੇ ਇਕ ਅਨੋਖਾ ਪ੍ਰਭਾਵ ਪਾਇਆ । ਕਬੱਡੀ ਖੇਡ ਨੂੰ ਦੇਖ ਕੇ ਤਾਂ ਮੈਂ ਮੁਗਧ ਹੀ ਹੋ ਗਿਆ ਸਾਂ । ਉਹਨਾਂ ਖੇਡਾਂ ਦੀ ਪ੍ਰਸ਼ੰਸਾ ਕਰਦਿਆਂ ਖੇਡਾਂ ਦੇ ਇਨਾਮ ਵੰਡਣ ਦੇ ਸਮੇਂ ਮੈਂ ਜੋ ਵਿਖਿਆਨ ਦਿੱਤਾ ਉਹ ਹੇਠ ਲਿਖਿਆ ਹੈ ।*

*-ਭਗਤ ਪੂਰਨ ਸਿੰਘ*

ਸਾਡੀ ਰਿਆਸਤ ਪੰਜਾਬ ਦੇਸ਼ ਦੀ ਸਰਹੱਦ ਦੀ ਰਿਆਸਤ ਹੈ । ਇਸ ਦੇ ਵਸਨੀਕਾਂ ਨੇ ਹੀ ਕਿਸੇ ਬਦੇਸ਼ੀ ਹਮਲੇ ਦਾ ਮੁਕਾਬਲਾ ਕਰਨਾ ਹੁੰਦਾ ਹੈ । ਇਸ ਲਈ ਪੰਜਾਬੀਆਂ ਦਾ ਤਾਕਤਵਰ ਹੋਣਾ ਬਹੁਤ ਜ਼ਰੂਰੀ ਹੈ । ਦੇਸ਼ ਦੇ ਬੰਦੇ ਆਪਣੇ ਸਰੀਰਕ ਬਲ ਨਾਲ ਆਪਣੇ ਦੇਸ਼ ਦੀ ਰੱਖਿਆ ਆਪ ਕਰਨ ਦੇ ਯੋਗ ਨਹੀਂ ਹੁੰਦੇ, ਉਹ ਜ਼ਾਲਮ ਦੁਸ਼ਮਣਾਂ ਦੀ ਖ਼ੁਰਾਕ ਬਣਿਆ ਕਰਦੇ ਹਨ । ਸਰੀਰ ਨੂੰ ਤਕੜਾ ਬਣਾਉਣ ਲਈ ਕਸਰਤ ਬੜੀ ਜ਼ਰੂਰੀ ਹੈ । ਬੰਦਾ ਸੋਹਣੇ ਕੱਪੜੇ ਪਹਿਨ ਕੇ ਜਾਂ ਆਪਣੇ ਸ਼ਿੰਗਾਰ ਦੀਆਂ ਮਹਿੰਗੀਆਂ ਵਸਤਾਂ ਜਿਵੇਂ ਘੜੀਆਂ, ਟਾਈਆਂ ਨੂੰ ਵਰਤ ਕੇ ਤੇ ਉਨ੍ਹਾਂ ਨਾਲ ਆਪਣੇ ਆਪ ਨੂੰ ਸ਼ਿੰਗਾਰ ਕੇ ਸੁੰਦਰ ਹੋਣ ਦੇ ਭੁਲੇਖੇ ਵਿੱਚ ਪੈ ਜਾਂਦਾ ਹੈ, ਪਰ ਅਸਲੀ ਸੁੰਦਰਤਾ ਉਸ ਦੇ ਸਰੀਰ ਦੀ ਬਣਤਰ ਦੀ ਸੁੰਦਰਤਾ ਹੈ । ਕਬੱਡੀ ਖੇਡਦੇ ਨੌਜਵਾਨ ਜਦੋਂ ਆਪਣੀ ਮਸਤੀ ਦਿਖਾ ਰਹੇ ਸਨ ਓਹੀ ਮਸਤੀ ਸੱਚੀ ਮਸਤੀ ਹੁੰਦੀ ਹੈ । ਵਾਹਿਗੁਰੂ ਦਾ ਸ਼ੁਕਰ ਹੈ ਕਿ ਪਿੰਡਾਂ ਦੇ ਬੰਦੇ ਉਹ ਖੇਡਾਂ ਖੇਡਦੇ ਹਨ ਜਿਹੜੀਆਂ ਨੰਗੇ ਪਿੰਡੇ ਨਾਲ ਮਿੱਟੀ ਵਿੱਚ ਘੁਲ-ਘੁਲ ਕੇ ਤੇ ਲਿੱਬੜ ਕੇ ਖੇਡੀਆਂ ਜਾਂਦੀਆਂ ਹਨ । ਸ਼ਹਿਰਾਂ ਦੇ ਬੰਦੇ ਕੋਈ ਖੇਡ ਅਜਿਹੀ ਨਹੀਂ ਖੇਡਦੇ ਜਿਸ ਵਿੱਚ ਸਾਰੇ ਸਰੀਰ ਨੂੰ ਮਿੱਟੀ ਵਿੱਚ ਲਿੱਬੜਨਾ ਪੈਂਦਾ ਹੋਵੇ । ਸਰੀਰ ਦੀਆਂ ਖੇਡਾਂ ਵਾਲੀਵਾਲ, ਕ੍ਰਿਕਟ ਤੇ ਟੈਨਿਸ ਆਦਿ ਨਾ ਸਰੀਰ ਦੀ ਉਹ ਕਸਰਤ ਕਰਾਂਦੀਆਂ ਹਨ ਤੇ



ਨਾ ਹੀ ਖੇਡਣ ਵਾਲੇ ਦੇ ਸਰੀਰ ਅੰਦਰ ਹੈਰਾਨ ਕਰ ਦੇਣ ਵਾਲੀ ਚੁਸਤੀ ਫੁਰਤੀ ਹੀ ਪੈਦਾ ਕਰਦੀਆਂ ਹਨ । ਕਬੱਡੀ ਖੇਡਦਿਆਂ ਹੋਇਆਂ ਖਿਡਾਰੀ ਆਪਣੀ ਚੁਸਤੀ-ਫੁਰਤੀ ਦੀਆਂ ਹਰਕਤਾਂ ਨਾਲ ਆਪ ਤਾਂ ਮਸਤੀ ਅਨੁਭਵ ਕਰਿਆ ਹੀ ਕਰਦਾ ਹੈ ਪਰ ਦੇਖਣ ਵਾਲਾ ਵੀ ਅਗਾਧਿ ਮਸਤੀ ਨਾਲ ਖਿੜ ਖਿੜਾਅ ਕੇ ਹੱਸਣ ਤੋਂ ਨਹੀਂ ਬਚ ਸਕਦਾ । ਇਹ ਤਾਂ ਦਿਲ ਨੂੰ ਕੁਤਕੁਤਾਰੀਆਂ ਕਰਨ ਵਾਲੀ ਖੇਡ ਹੈ । ਮਹਿਰਿਸ਼ੀ ਟੈਗੋਰ ਨੇ ਆਪਣੀ ਸੰਸਾਰ-ਪ੍ਰਸਿੱਧ ਪੁਸਤਕ ਗੀਤਾਂਜਲੀ ਵਿੱਚ ਮਿੱਟੀ ਵਿੱਚੋਂ ਮਿਲਣ ਵਾਲੀ ਸਿਹਤ ਨੂੰ ਆਪਣੇ ਹੇਠ ਲਿਖੇ ਸ਼ਬਦਾਂ ਵਿੱਚ ਬਿਆਨ ਕੀਤਾ ਹੈ—

**"ਮਾਂ ਤੂੰ ਮੈਨੂੰ ਬਹੁਤ ਮਹਿੰਗੇ ਕੱਪੜੇ ਨਾ ਪਹਿਨਾਅ । ਇਹ ਮੈਨੂੰ ਭੁਲੇਖੇ ਵਿੱਚ ਪਾ ਕੇ ਮੇਰੇ ਸਰੀਰ ਨਾਲ ਭਾਰਾ ਅਨਿਆਂ ਕਰਨ ਦਾ ਕਾਰਨ ਬਣਨਗੇ, ਕਿਉਂਕਿ ਜਦ ਮਾੜੇ ਕੱਪੜਿਆਂ ਵਾਲੇ ਜਾਂ ਨੰਗੇ ਸਰੀਰਾਂ ਵਾਲੇ ਮੁੰਡੇ ਧਰਤੀ ਵਿੱਚ ਘੁਲ-ਘੁਲ ਕੇ ਜਾਂ ਲਿਟ-ਲਿਟ ਕੇ ਸਰੀਰ ਦੀ ਕਸਰਤ ਕਰਦੇ ਹੋਣਗੇ ਤਾਂ ਮੈਂ ਉਨ੍ਹਾਂ ਦੇ ਲਾਗੇ ਇਸ ਫ਼ਿਕਰ ਨਾਲ ਕਸਰਤ ਤੋਂ ਵਾਂਝਾ ਖਲੋਤਾ ਹੋਵਾਂਗਾ ਕਿ ਕਿਤੇ ਮੇਰੇ ਕੱਪੜਿਆਂ ਦੇ ਉੱਤੇ ਗਰਦ ਨਾ ਪੈ ਜਾਵੇ ।"**

ਕੌਮਾਂ ਅਤੇ ਮਨੁੱਖਾਂ 'ਤੇ ਅਚਾਨਕ ਅਜਿਹੇ ਸੰਕਟ ਆ ਜਾਇਆ ਕਰਦੇ ਹਨ ਜਦੋਂ ਬੰਦੇ ਨੇ ਛਾਲ ਮਾਰ ਕੇ, ਭੱਜ ਕੇ, ਭਾਰ ਚੁੱਕ ਕੇ ਅਤੇ ਲੜਾਈ ਕਰਕੇ ਆਪਣੀ ਜਾਨ ਬਚਾਉਣੀ ਹੁੰਦੀ ਹੈ ਤੇ ਦੁਸ਼ਮਣ ਨੂੰ ਹਰਾਉਣਾ ਹੁੰਦਾ ਹੈ। ਇਸ ਲਈ ਸਰੀਰ ਦੀ ਤਾਕਤ ਦੀ ਵੱਧ ਤੋਂ ਵੱਧ ਪੂੰਜੀ ਹਰ ਬੰਦੇ ਪਾਸ ਹਰ ਵੇਲੇ ਹੋਣੀ ਚਾਹੀਦੀ ਹੈ ਅਤੇ ਲੜਕਪਨ ਅਤੇ ਜਵਾਨੀ ਦਾ ਹੀ ਉਹ ਸਮਾਂ ਹੁੰਦਾ ਹੈ ਜਦੋਂ ਇਹ ਪੂੰਜੀ ਜੁੜਦੀ ਹੈ ਤੇ ਜੋੜਨੀ ਚਾਹੀਦੀ ਹੈ, ਬਾਂਕੇਪਨ ਦਾ ਅਹਿਸਾਸ ਏਸ ਉਮਰ ਵਿੱਚ ਹੀ ਹੋ ਸਕਿਆ ਕਰਦਾ ਹੈ । ਜਿਹੜਾ ਮੁੰਡਾ ਇਸ ਹਕੀਕਤ ਨੂੰ ਸਾਹਮਣੇ ਨਹੀਂ ਰੱਖਦਾ ਉਹ ਮਨੁੱਖਾ ਜੀਵਨ ਦੀ ਸਫਲਤਾ ਦੇ ਇਕ ਬਹੁਤ ਵੱਡੇ ਭੇਦ ਤੋਂ ਅਨਜਾਣ ਰਹਿੰਦਾ ਹੈ ।

ਹਿਟਲਰ ਨੇ ਫ਼ਰਾਂਸ ਦੇਸ਼ ਨੂੰ ਤਿੰਨਾਂ ਦਿਨਾਂ ਵਿੱਚ ਫ਼ਤਹਿ ਕਰ ਲਿਆ ਸੀ । ਆਪਣੀ ਇਸ ਜਿੱਤ ਉੱਤੇ ਉਸਨੇ ਕਿਹਾ ਸੀ ਕਿ ਤਿੰਨਾਂ ਦਿਨਾਂ ਵਿੱਚ ਮੈਂ ਤਾਂ ਆਪਣੀ ਜਿੱਤ ਉੱਤੇ ਦਸਤਖ਼ਤ ਹੀ ਕੀਤੇ ਹਨ । ਇਸ ਦੇਸ਼ ਨੂੰ ਤਾਂ ਮੈਂ ਕਈ ਸਾਲ ਪਹਿਲੇ ਦਾ ਜਿੱਤਿਆ ਹੋਇਆ ਸੀ । ਮੇਰੀ ਉਹ ਲੜਾਈ

ਮੇਰੇ ਫ਼ੌਜੀ ਨੌਜਵਾਨਾਂ ਦੀਆਂ ਹਵਾਈ ਜਹਾਜ਼ਾਂ ਦੀਆਂ ਉਹ ਉਡਾਣਾਂ ਹੁੰਦੀਆਂ ਸਨ ਜਿਹੜੀਆਂ ਉਹ ਦਸੰਬਰ-ਜਨਵਰੀ ਦੇ ਸਖ਼ਤ ਸਰਦੀ ਦੇ ਮਹੀਨਿਆਂ ਵਿੱਚ ਰਾਤ ਦੇ ਦੋ-ਦੋ, ਤਿੰਨ-ਤਿੰਨ ਵਜੇ ਅੱਜ ਤੋਂ ੧੦-੧੧ ਸਾਲ ਪਹਿਲਾਂ ਤੋਂ ਅਸਮਾਨਾਂ ਵਿੱਚ ਉਡਾਉਂਦੇ ਰਹੇ ਹਨ ਅਤੇ ਫ਼ਰਾਂਸ ਦੇਸ਼ ਦੇ ਬੰਦੇ ਉਸ ਵੇਲੇ ਮੰਜਿਆਂ ’ਤੇ ਨਿੱਘ ਵਿੱਚ ਸੁੱਤੇ ਹੁੰਦੇ ਸਨ ।

ਸੈਮੂਅਲ ਜਮਾਈਲਜ਼ ਨੇ ਲਿਖਿਆ ਹੈ ਕਿ ਇਕ ਅਮੀਰ ਮੁੰਡਾ ਆਪਣੀ ਸੁੰਦਰਤਾ ਦੇ ਨਿੱਜੀ ਗੁਣਾਂ ਦੇ ਵਿਕਾਸ ਤੋਂ ਬੜੀ ਭੁੱਲ ਵਿੱਚ ਰਿਹਾ ਕਰਦਾ ਹੈ । ਉਸ ਦੇ ਕੱਪੜੇ ਤੇ ਉਸ ਦੇ ਸਰੀਰਕ ਸ਼ਿੰਗਾਰ ਦੀਆਂ ਅਨੇਕਾਂ ਵੱਡਮੁੱਲੀਆਂ ਵਸਤਾਂ ਉਸ ਨੂੰ ਉਸ ਦੀ ਮਹੱਤਤਾ ਦਾ ਅਹਿਸਾਸ ਇਸ ਲਈ ਕਰਾ ਦਿੱਤਾ ਕਰਦੀਆਂ ਹਨ ਕਿਉਂਕਿ ਉਸ ਦੀਆਂ ਵਸਤਾਂ ਨੂੰ ਦੁਨੀਆਂ ਦੇ ਬੰਦੇ ਵੇਖ ਕੇ ਹੈਰਾਨ ਹੋਇਆ ਕਰਦੇ ਹਨ; ਪਰ ਉਹ ਨਹੀਂ ਸੋਚਿਆ ਕਰਦਾ ਕਿ ਇਹ ਮਹੱਤਤਾ ਤਾਂ ਮੇਰੀਆਂ ਵਸਤਾਂ ਦੀ ਹੈ, ਮੇਰੇ ਕਿਸੇ ਨਿੱਜੀ ਗੁਣ ਦੀ ਨਹੀਂ; ਪਰ ਗ਼ਰੀਬ ਮੁੰਡਾ ਬ੍ਰਹਮਚਰਯ ਨਾਲ ਐਸਾ ਪਹਿਲਵਾਨ ਜਾਂ ਭੱਜਣ ਵਾਲਾ, ਛਾਲਾਂ ਮਾਰਨ ਵਾਲਾ ਅਤੇ ਭਾਰ ਸੁੱਟਣ ਵਾਲਾ ਬਣ ਸਕਦਾ ਹੈ ਕਿ ਦੁਨੀਆਂ ਦੇ ਬੰਦੇ ਉਸ ਦੇ ਸਰੀਰਕ ਬਲ ਤੋਂ ਹੈਰਾਨ ਹੋ ਜਾਣ । ਬ੍ਰਹਮਚਰਯ ਕਮਾਉਣਾ ਕੋਈ ਔਖਾ ਨਹੀਂ । ਹਰ ਗ਼ਰੀਬ ਨੌਜਵਾਨ ਬ੍ਰਹਮਚਰਯ ਕਮਾ ਸਕਦਾ ਹੈ । ਅਜਿਹਾ ਕਰਕੇ ਉਹ ਜਿੱਥੇ ਆਪਣੇ ਲਈ ਮਸਤੀ ਭਰਪੂਰ ਸੁੰਦਰਤਾ ਪ੍ਰਾਪਤ ਕਰ ਸਕਦਾ ਹੈ ਉੱਥੇ ਆਪਣੇ ਦੇਸ਼ ਲਈ ਵੀ ਵੱਡੀ ਭਾਰੀ ਪੂੰਜੀ ਦਾ ਕਾਰਨ ਬਣ ਸਕਦਾ ਹੈ । ਨਿੱਗਰ ਸਰੀਰਾਂ ਵਾਲੇ ਹੀ ਚੰਗੇ ਫ਼ੌਜੀ ਸਾਬਤ ਹੋ ਸਕਦੇ ਹਨ ਤੇ ਚੰਗੇ ਕਿਸਾਨ ਅਤੇ ਚੰਗੇ ਕਿਰਤੀ ਵੀ । ਆਪਣੀ ਏਸੇ ਸਰੀਰਕ ਸ਼ਕਤੀ ਨਾਲ ਪੰਜਾਬ ਦੇ ਬੰਦੇ ਸਾਰੀਆਂ ਰਿਆਸਤਾਂ ਵਿੱਚ ਟਰੱਕ ਤੇ ਟੈਕਸੀਆਂ ਚਲਾ ਰਹੇ ਹਨ । ਜਿੱਥੇ ਇਕ ਟਰੱਕ ਨੂੰ ਦੋ ਬੰਗਾਲੀ ਚਲਾਉਣਗੇ ਉੱਥੇ ਪੰਜਾਬੀ ਇਕ ਚਲਾਉਂਦਾ ਹੈ । ਫਿਰ ਭਰੇ ਟਰੱਕ ਨੂੰ ਕਾਬੂ ਵਿੱਚ ਰੱਖਣਾ ਕਾਗ਼ਜ਼ੀ ਸਰੀਰ ਵਾਲੇ ਦਾ ਕੰਮ ਨਹੀਂ ਹੁੰਦਾ ।

ਮੇਰੇ ਧੰਨਭਾਗ ਹਨ ਕਿ ਤੁਸੀਂ ਮੈਨੂੰ ਬੁਲਾ ਕੇ ਆਪਣੀਆਂ ਮਸਤੀ ਭਰੀਆਂ ਖੇਡਾਂ ਦੇ ਦਰਸ਼ਨ ਕਰਵਾਏ ਹਨ । ਮੈਂ ਤਾਂ ਆਪਣੇ ਲੜਕਪਨ ਵਿੱਚ ਇਨ੍ਹਾਂ ਖੇਡਾਂ ਤੇ ਇਨ੍ਹਾਂ ਦੀਆਂ ਮਸਤੀਆਂ ਤੋਂ ਦੂਰ ਰਿਹਾ ਸਾਂ । ਮੇਰੀ ਮਾਂ ਨੇ



ਮੈਨੂੰ ਭਗਤੀ ਦੇ ਰਾਹ ’ਤੇ ਜ਼ਰੂਰ ਪਾ ਦਿੱਤਾ ਸੀ ਪਰ ਖੇਡਾਂ ਖੇਡਣ ਦਾ ਉਸਨੇ ਮੈਨੂੰ ਕੋਈ ਉਪਦੇਸ਼ ਨਹੀਂ ਦਿੱਤਾ ਸੀ । ਤੁਹਾਡੇ ਬੋਤਲਾਂ ਵਰਗੇ ਪੱਟਾਂ ਨੂੰ ਦੇਖ ਕੇ ਮੈਨੂੰ ਇਹ ਤਸੱਲੀ ਹੋਈ ਹੈ ਕਿ ਪਿੰਡਾਂ ਵਿੱਚ ਜੀਵਨ ਮੌਜੂਦ ਹੈ ਤੇ ਦੇਸ਼ ਨੂੰ ਕਿਸੇ ਪਾਸੇ ਤੋਂ ਕੋਈ ਖ਼ਤਰਾ ਨਹੀਂ ਹੋ ਸਕਦਾ । ਬਾਕੀ ਮੈਂ ਤੁਹਾਨੂੰ ਇਕ ਚੇਤਾਵਨੀ ਦਿੰਦਾ ਹਾਂ ਕਿ ਭਾਰਤ ਵਾਸੀਆਂ ਦਾ ਕੱਦ ਕੁਝ ਘਟਦਾ ਜਾ ਰਿਹਾ ਹੈ । ਮੁੰਡੇ ਕੁੜੀਆਂ ਆਪਣੀਆਂ ਜੁੱਤੀਆਂ ਦੇ ਤਲੇ ’ਤੇ ਅੱਡੀਆਂ ਨੂੰ ਉੱਚਿਆਂ ਕਰਕੇ ਆਪਣੇ ਕੱਦ ਨੂੰ ਕਾਇਮ ਰੱਖ ਰਹੇ ਹਨ; ਪਰ ਜੇਕਰ ਇਹ ਕੱਦ ਘਟਦਾ ਹੀ ਗਿਆ ਤਾਂ ਅੱਡੀਆਂ ਤੇ ਜੁੱਤੀਆਂ ਦੇ ਤਲੇ ਕਿੰਨੇ ਕੁ ਉੱਚੇ ਹੋ ਸਕਣਗੇ । ਬੈੱਲ-ਬਾਟਮਾਂ ਦੇ ਪੌਂਚੇ ਉਨ੍ਹਾਂ ਦੇ ਕੱਦ ਦੀ ਅਸਲੀਅਤ ਨੂੰ ਕਿੰਨਾ ਚਿਰ ਲੁਕਾ ਸਕਣਗੇ ਜਿਨ੍ਹਾਂ ਦੇ ਪੌਂਚੇ ਗਲੀਆਂ ਮੁਹੱਲਿਆਂ ਦੀ ਗ਼ੰਦਗੀ ਨਾਲ ਲਿਬੜਦੇ ਰਹਿੰਦੇ ਹਨ । ਤੁਹਾਨੂੰ ਚਾਹ ਛੱਡਣੀ ਪਵੇਗੀ । ਬੱਚੇ ਦਾ ਕੱਦ ਵਧ ਰਿਹਾ ਹੁੰਦਾ ਹੈ । ਚਾਹ ਉਸ ਗਦੂਦ ਨੂੰ ਖਾਂਦੀ ਹੈ ਜਿਸ ਨਾਲ ਕੱਦ ਵਧਦਾ ਹੈ । ਸਿਨੇਮਾ ਤੇ ਗੰਦੀਆਂ ਪੁਸਤਕਾਂ ਸਾਡੇ ਆਚਰਣ ਨੂੰ ਡੇਗਣ ਦਾ ਕਾਰਨ ਬਣ ਰਹੀਆਂ ਹਨ । ਇਨ੍ਹਾਂ ਤੋਂ ਪੈਦਾ ਹੋਏ ਪਤਨ ਨਾਲ ਯੂਰਪ ਤੇ ਅਮਰੀਕਾ ਵਿੱਚ ਹਾਹਾਕਾਰ ਮਚ ਰਹੀ ਹੈ । ਸੁਜ਼ਾਕ ਤੇ ਆਤਸ਼ਿਕ ਦੇ ਰੋਗ ਮੁੰਡੇ ਕੁੜੀਆਂ ਵਿੱਚ ਫੈਲ ਰਹੇ ਹਨ । ਵੀਰਯ ਨਾਸ਼ ਕਰਨ ਦਾ ਉਪਦੇਸ਼ ਦੇਣ ਵਾਲੀਆਂ ਗੰਦੀਆਂ ਪੁਸਤਕਾਂ ਦਾ ਟਾਕਰਾ ਇਕੋ ਢੰਗ ਨਾਲ ਹੋ ਸਕਦਾ ਹੈ ਕਿ ਨੌਜਵਾਨਾਂ ਵਿੱਚ ਸਰੀਰਕ ਸ਼ਕਤੀ ਤੋਂ ਸੁੰਦਰਤਾ ਪੈਦਾ ਕਰਨ ਦਾ ਚਾਅ ਪੈਦਾ ਹੋ ਜਾਵੇ । ਅਜਿਹੇ ਚਾਅ ਪੈਦਾ ਕਰਨ ਵਾਲੇ ਬੰਦੇ ਨੂੰ ਇਸ ਭੇਦ ਦਾ ਪਤਾ ਆਪਣੇ ਆਪ ਲੱਗ ਜਾਂਦਾ ਹੈ ਕਿ ਬ੍ਰਹਮਚਰਯ ਰੱਖਿਆਂ ਹੀ ਉਸ ਨੂੰ ਸਰੀਰਕ ਸੁੰਦਰਤਾ ਤੇ ਸਰੀਰਕ ਸ਼ਕਤੀ ਪ੍ਰਾਪਤ ਹੋ ਸਕਦੀ ਹੈ । ਸੋ ਮੈਂ ਪਿੰਡਾਂ ਵਿੱਚ ਭਾਰਤ ਦੀ ਆਤਮਾ ਨੂੰ ਜਿਊਂਦੀ ਜਾਗਦੀ ਵੇਖ ਕੇ ਪ੍ਰਸੰਨ ਹੋਇਆ ਹਾਂ ।

(ਜੀਵਨ ਲਹਿਰ ਦਸੰਬਰ ੧੯੭੭ ’ਚੋਂ)

::

# ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ, ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ। ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਤਾਂ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਉਚਿਤ ਇਮਾਰਤ ਅਤੇ ਨਾ ਹੀ ਮਰੀਜ਼ਾਂ ਦੇ ਖਾਣ ਪੀਣ ਜਾਂ ਦਵਾਈਆਂ ਲਈ ਕਿਸੇ ਤਰ੍ਹਾਂ ਦਾ ਮਾਲੀ ਪ੍ਰਬੰਧ ਜਾਂ ਪੈਸੇ ਦਾ ਬੰਦੋਬਸਤ ਸੀ। ਭਗਤ ਪੂਰਨ ਸਿੰਘ ਇਕੱਲੇ ਹੀ ਇਸ ਸੇਵਾ ਦੇ ਪੰਧ 'ਤੇ ਨਿਕਲੇ—ਲੋਕ ਨਾਲ ਜੁੜਦੇ ਗਏ ਕਾਰਵਾਂ ਬਣਦਾ ਗਿਆ। ਉਨ੍ਹਾਂ ਦੀ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਦੀ ਅਣਥੱਕ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਵਿੱਚ ਪਿੰਗਲਵਾੜਾ ਸੰਸਥਾ ਨਾ-ਕੇਵਲ ਭਾਰਤ ਵਿੱਚ ਬਲਕਿ ਵਿਦੇਸ਼ਾਂ ਵਿੱਚ ਵੀ ਇਕ ਗੌਰਵਪੂਰਣ ਸੰਸਥਾ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਈ ਹੈ।

**ਪਿੰਗਲਵਾੜਾ ਇਕ ਨਜ਼ਰ ...**

**ਨਿਵਾਸ ਅਤੇ ਸੰਭਾਲ** :-1809 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅਲਟਰਾ ਸਾਊਂਡ ਸੈਂਟਰ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ ਕੇਂਦਰ, *ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ।

**ਜਾਗਰੂਕਤਾ** :- * ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ।

**ਵਾਤਾਵਰਨ** :-*ਨਰਸਰੀ,*ਪਾਣੀ ਸਾਫ਼ ਕਰਨ ਵਾਲਾ ਪਲਾਂਟ, ਮੀਂਹ ਦੇ ਪਾਣੀ ਦੀ ਸੰਭਾਲ *ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ।



**ਮੁਫ਼ਤ ਵਿਦਿਅਕ ਸਹੂਲਤਾਂ:**

* ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਬੁੱਟਰਕਲਾਂ, ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਕਟੌਰਾ ਫਿਰੋਜ਼ਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, (ਪਲਸੋਰਾ) ਚੰਡੀਗੜ੍ਹ।

**ਨਿਵਾਸ ਅਤੇ ਸੰਭਾਲ :**

**ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿੱਚ *1809 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :-**

| | | | |
|---|---|---|---|
| ਮਾਨਸਿਕ ਰੋਗੀ | -390 | ਏਡਜ਼ ਵਾਲੇ | -19 |
| ਅਧਰੰਗ/ ਪੋਲੀਏ ਵਾਲੇ | -160 | ਮਿਰਗੀ ਵਾਲੇ | -204 |
| ਮੰਦ-ਬੁੱਧੀ ਵਾਲੇ | -430 | ਕੈਂਸਰ ਵਾਲੇ | -02 |
| ਗੂੰਗੇ ਬੋਲੇ | -175 | ਸ਼ੂਗਰ ਵਾਲੇ | -84 |
| ਬਜ਼ੁਰਗ | -143 | ਸਕੂਲ ਜਾਣ ਵਾਲੇ ਬੱਚੇ | -98 |
| ਜ਼ਖ਼ਮਾਂ ਵਾਲੇ | -27 | ਛੱਡੇ ਗਏ ਬੱਚੇ | -06 |
| ਟੀ.ਬੀ. ਵਾਲੇ | -05 | ਠੀਕ ਹੋ ਚੁੱਕੇ ਰੋਗੀ | -27 |
| ਨੇਤਰਹੀਣ | -39 | | |

**31 ਦਸੰਬਰ 2017 ਤਕ ਕੁੱਲ ਰੋਗੀਆਂ ਦੀ ਗਿਣਤੀ *1809**

*** ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਜਾਂਦੇ ਹਨ।**

| ਬ੍ਰਾਂਚਾਂ ਦਾ ਵੇਰਵਾ : | ਰੋਗੀ |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 359 |
| 2. ਮਾਨਾਂਵਾਲਾ ਕੰਪਲੈਕਸ | 876 |
| 3. ਪੰਡੋਰੀ ਵੜੈਚ ਬ੍ਰਾਂਚ | 99 |
| 4. ਗੋਇੰਦਵਾਲ ਬ੍ਰਾਂਚ | 93 |
| 5. ਜਲੰਧਰ ਬ੍ਰਾਂਚ | 39 |
| 6. ਸੰਗਰੂਰ ਬ੍ਰਾਂਚ | 228 |
| 7. ਚੰਡੀਗੜ੍ਹ (ਪਲਸੋਰਾ) ਬ੍ਰਾਂਚ | 115 |
| **ਕੁੱਲ ਮਰੀਜ਼** | **1809** |

## ਇਲਾਜ ਅਤੇ ਸਹੂਲਤਾਂ :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ** : ਮਰੀਜ਼ਾਂ ਦੇ ਇਲਾਜ ਲਈ ਪਿੰਗਲਵਾੜਾ ਸੰਸਥਾ ਵਿੱਚ ਡਿਸਪੈਂਸਰੀ ਅਤੇ ਲੈਬਾਰਟਰੀ ਦੀ ਸੁਵਿਧਾ ਮੁਹੱਈਆ ਕੀਤੀ ਗਈ ਹੈ, ਜਿਸ ਦਾ **ਸਾਲਾਨਾ ਖ਼ਰਚ 1 ਕਰੋੜ 30 ਲੱਖ ਰੁਪਏ** ਹੈ ।

**(ਅ) ਸਹਾਇਕ ਸਟਾਫ਼** : ਮਾਨਸਿਕ ਰੋਗੀਆਂ ਅਤੇ ਮਰੀਜ਼ਾਂ ਦੀ ਦੇਖਭਾਲ ਲਈ ਟੈਕਨੀਕਲ ਸਟਾਫ਼ ਜਿਵੇਂ ਨਰਸਾਂ, ਫਾਰਮਾਸਿਸਟ, ਲੈਬਾਰਟਰੀ ਟੈਕਨੀਸ਼ਨ ਦੀ ਵਿਵਸਥਾ ਕੀਤੀ ਗਈ ਹੈ ।

**(ੲ) ਖ਼ੂਨ-ਦਾਨ ਕੈਂਪ** : ਦੁਰਘਟਨਾ-ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਹਰ ਸਾਲ ਭਗਤ ਜੀ ਦੀ ਬਰਸੀ 'ਤੇ ਖ਼ੂਨ-ਦਾਨ ਕੈਂਪ ਲਗਾਇਆ ਜਾਂਦਾ ਹੈ । ਸੰਨ 2017 ਵਿੱਚ ਭਗਤ ਜੀ ਦੀ ਬਰਸੀ 'ਤੇ ਲਗਾਏ ਗਏ ਖ਼ੂਨ-ਦਾਨ ਕੈਂਪ ਵਿੱਚ 275 ਯੂਨਿਟ ਖ਼ੂਨ ਇਕੱਠਾ ਹੋਇਆ ।

**(ਸ) ਐਂਬੂਲੈਂਸ**:- ਮੁੱਢਲੀਆਂ ਡਾਕਟਰੀ ਸੁਵਿਧਾਵਾਂ ਨਾਲ ਲੈਸ, ਐਂਬੂਲੈਂਸ ਸੜਕ ਹਾਦਸਿਆਂ ਦੇ ਜ਼ਖ਼ਮੀਆਂ ਦੀ ਮਦਦ ਲਈ ਤੱਤਪਰ ਰਹਿੰਦੀ ਹੈ। ਸੰਸਥਾ ਦੀਆਂ ਐਂਬੂਲੈਂਸਾਂ ਮਰੀਜ਼ਾਂ ਨੂੰ ਹਸਪਤਾਲ ਲੈ ਜਾਣ ਦੀ ਸੁਵਿਧਾ ਦਿੰਦੀਆਂ ਹਨ ।

**(ਹ) ਬਣਾਵਟੀ ਅੰਗ ਕੇਂਦਰ** : ਲੋੜਵੰਦ ਅੰਗਹੀਣਾਂ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਭਗਤ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ



ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿੱਥੇ ਅੰਗਹੀਣਾਂ ਨੂੰ ਬਣਾਵਟੀ ਅੰਗ ਮੁਫ਼ਤ ਲਗਾਏ ਜਾਂਦੇ ਹਨ । ਨਵੰਬਰ 2003 ਤੋਂ ਹੁਣ ਤਕ 8757 ਲੋੜਵੰਦ ਲਾਭ ਉਠਾ ਚੁੱਕੇ ਹਨ ।

**(ਕ) ਓਪ੍ਰੇਸ਼ਨ ਥਿਏਟਰ**: ਹਰ ਤਰ੍ਹਾਂ ਦੇ ਓਪ੍ਰੇਸ਼ਨ ਕਰਨ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਅਤਿ ਆਧੁਨਿਕ ਓਪ੍ਰੇਸ਼ਨ ਥਿਏਟਰ ਦੀ ਸੁਵਿਧਾ ਹੈ ।

**(ਖ) ਫਿਜ਼ਿਓਥਰੈਪੀ**: ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਸੈਂਟਰ ਸਥਾਪਿਤ ਕੀਤਾ ਗਿਆ ਹੈ ਜਿਸ ਵਿੱਚ ਆਧੁਨਿਕ ਉਪਕਰਣਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਲੋੜਵੰਦ ਮੁਫ਼ਤ ਫ਼ਾਇਦਾ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ ।

**(ਗ) ਅਲਟਰਾਸਾਊਂਡ ਸੈਂਟਰ** :- ਇਸ ਵਿੱਚ ਪਿੰਗਲਵਾੜੇ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਵਾਸਤੇ ਸੁਵਿਧਾ ਪ੍ਰਾਪਤ ਹੈ ।

**(ਘ) ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਨਰਵਾਸ ਕੇਂਦਰ**:- ਬੱਚਿਆਂ ਦੇ ਕੰਨਾਂ ਦੀ ਮੁੱਢਲੀ ਜਾਂਚ ਅਤੇ ਪੁਨਰਵਾਸ ਵਾਸਤੇ ਇਹ ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿਸ ਵਿੱਚ Bera Test ( ਬੱਚਿਆਂ ਦੇ ਸੁਣਨ ਦਾ ਟੈਸਟ) ਮੁਫ਼ਤ ਕੀਤਾ ਜਾਂਦਾ ਹੈ ।

## ਵਾਤਾਵਰਨ :

**(ੳ) ਰੁੱਖ ਲਾਉਣੇ**: ਭਗਤ ਪੂਰਨ ਸਿੰਘ ਜੀ ਵਾਤਾਵਰਨ ਦੀ ਸੰਭਾਲ ਸੰਬੰਧੀ ਬੜੇ ਚਿੰਤਤ ਰਹਿੰਦੇ ਸਨ । ਇਸ ਕਰਕੇ ਧਰਤੀ ਨੂੰ **'ਮਾਰੂਥਲ ਬਣਨ'** ਤੇ **'ਭੂ-ਖੋਰ'** ਤੋਂ ਬਚਾਉਣ ਲਈ ਪਿੰਗਲਵਾੜਾ ਸੰਸਥਾ ਵੱਲੋਂ ਵਾਤਾਵਰਨ ਦੇ ਸੁਧਾਰ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਹਰ ਸਾਲ ਸੰਸਥਾ ਦੇ ਸੇਵਾਦਾਰਾਂ ਦੁਆਰਾ ਭਗਤ ਜੀ ਦੀ ਬਰਸੀ ਦੇ ਮੌਕੇ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ । ਇਹ ਰੁੱਖ ਸਕੂਲਾਂ, ਕਾਲਜਾਂ, ਸ਼ਮਸ਼ਾਨ-ਘਾਟਾਂ ਅਤੇ ਹੋਰ ਜਨਤਕ ਥਾਵਾਂ 'ਤੇ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਪਿੰਗਲਵਾੜਾ ਸੰਸਥਾ ਵੱਲੋਂ ਹਰ ਸਾਲ ਆਪਣੀ ਨਰਸਰੀ ਵਿੱਚ ਵੱਖ-ਵੱਖ ਕਿਸਮਾਂ ਦੇ ਲਗਪਗ 60 ਹਜ਼ਾਰ ਬੂਟੇ ਤਿਆਰ ਕਰਕੇ ਵੱਖ ਵੱਖ ਸੰਸਥਾਵਾਂ ਨੂੰ ਮੁਫ਼ਤ ਭੇਜੇ ਜਾਂਦੇ ਹਨ ।

### ਮੁਫ਼ਤ ਵਿੱਦਿਅਕ ਸਹੂਲਤਾਂ :

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀ: ਸੈਕੰ: ਸਕੂਲ ਮਾਨਾਂਵਾਲਾ**: ਇਸ ਸਕੂਲ ਵਿੱਚ ਗ਼ਰੀਬ ਅਤੇ ਝੁੱਗੀ ਝੌਂਪੜੀ ਵਾਲੇ 771 ਵਿਦਿਆਰਥੀਆਂ ਨੂੰ

ਮੁਫ਼ਤ ਵਿੱਦਿਆ ਦਿੱਤੀ ਜਾ ਰਹੀ ਹੈ । ਸੰਸਥਾ ਦਾ ਇਹ ਖ਼ਾਸ ਉਪਰਾਲਾ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਤੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਸਮਾਜ ਵਿੱਚ ਵਿਚਰ ਸਕਣ। ਇਹਨਾਂ ਨੂੰ ਕਿਤਾਬਾਂ ਤੇ ਵਰਦੀਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ 96 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ ਬੁੱਟਰ ਕਲਾਂ (ਕਾਦੀਆਂ):**

ਇਹ ਸਕੂਲ ਵੀ ਭਗਤ ਜੀ ਦੀ ਯਾਦ ਨੂੰ ਸਮਰਪਿਤ ਹੈ । ਇੱਥੇ ਯੋਗ ਅਤੇ ਸਿੱਖਿਅਤ ਅਧਿਆਪਕਾਂ ਦੀ ਅਗਵਾਈ ਵਿੱਚ ਲਗਪਗ 461 ਬੱਚੇ ਵਿੱਦਿਆ ਹਾਸਲ ਕਰ ਰਹੇ ਹਨ ।

**(ੲ) ਵਿਸ਼ੇਸ਼ ਸਿੱਖਿਆ** :- ਪਿੰਗਲਵਾੜੇ ਦੇ 169 ਮੰਦ-ਬੁੱਧੀ ਬੱਚਿਆਂ ਲਈ ਮਾਨਾਂਵਾਲਾ ਬ੍ਰਾਂਚ ਵਿਖੇ '**ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ**' ਦਾ ਪ੍ਰਬੰਧ ਉਹਨਾਂ ਦੀ ਬੁੱਧੀ ਵਿਕਸਤ ਕਰਨ ਲਈ ਕੀਤਾ ਗਿਆ ਹੈ।

**(ਸ) ਗੂੰਗੇ-ਬੋਲੇ ਬੱਚਿਆਂ ਦੀ ਸਿੱਖਿਆ** : ਭਗਤ ਪੂਰਨ ਸਿੰਘ ਗੂੰਗੇ-ਬੋਲੇ ਬੱਚਿਆਂ ਦਾ ਸਕੂਲ ਮਾਨਾਂਵਾਲਾ ਵਿਖੇ ਮਈ 2005 ਤੋਂ ਚੱਲ ਰਿਹਾ ਹੈ। ਇਸ ਵਿੱਚ 180 ਬੱਚੇ ਨਵੀਨ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਹ) ਕਿੱਤਾਕਾਰੀ ਸਿੱਖਿਆ** :- ਬੱਚਿਆਂ ਦੇ ਆਉਣ ਵਾਲੇ ਭਵਿੱਖ ਨੂੰ ਸਾਹਮਣੇ ਰੱਖਦੇ ਹੋਏ ਪਿੰਗਲਵਾੜਾ ਸੰਸਥਾ ਵੱਲੋਂ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਕਿੱਤਾਕਾਰੀ ਸਿੱਖਿਆ,(ਜਿਵੇਂ ਸਿਲਾਈ, ਕਢਾਈ, ਮੋਮਬੱਤੀਆਂ ਬਣਾਉਣ ਅਤੇ ਹੋਰ ਸਿੱਖਲਾਈ ਦੇ ਕੰਮ) ਟਰੇਂਡ ਕਿੱਤਾਕਾਰੀ ਅਧਿਆਪਕਾਂ ਵੱਲੋਂ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਸੰਗੀਤ ਦੀ ਵਿੱਦਿਆ ਲਈ ਯੋਗ ਅਧਿਆਪਕਾਂ ਦੀ ਅਗਵਾਈ ਪ੍ਰਾਪਤ ਹੈ ।

**(ਕ) ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ** : ਮਾਨਾਂਵਾਲਾ ਕੰਪਲੈਕਸ ਵਿਖੇ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਸਿਲਾਈ ਕਢਾਈ ਦਾ 6 ਮਹੀਨੇ ਦਾ ਕੋਰਸ ਕਰਵਾਇਆ ਜਾਂਦਾ ਹੈ । ਇਹ ਸੁਵਿਧਾ ਸਿਰਫ਼ ਪਿੰਗਲਵਾੜੇ ਦੇ ਬੱਚਿਆਂ ਲਈ ਹੀ ਨਹੀਂ ਬਲਕਿ ਮਾਨਾਂਵਾਲਾ ਦੇ ਆਸ-ਪਾਸ ਲੱਗਦੇ ਇਲਾਕਿਆਂ ਦੇ ਗ਼ਰੀਬ ਵਰਗ ਦੇ ਬੱਚੇ/ ਬੱਚੀਆਂ ਲਈ ਵੀ ਉਪਲਬਧ ਹੈ।

**(ਖ) ਕੰਪਿਊਟਰ ਸਿੱਖਿਆ**: ਸੂਚਨਾ ਅਤੇ ਟੈਕਨਾਲੋਜੀ ਦੇ ਪਸਾਰੇ ਨੂੰ ਮੁੱਖ ਰੱਖਦਿਆਂ ਪਿੰਗਲਵਾੜੇ ਦੇ ਬੱਚਿਆਂ ਨੂੰ ਆਧੁਨਿਕ ਸਮਾਜ ਦੇ ਹਾਣੀ ਬਣਾਉਣ ਲਈ ਕੰਪਿਊਟਰ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਹੈ ।



**ਹੋਸਟਲ ਦਾ ਪ੍ਰਬੰਧ** : ਪਿੰਗਲਵਾੜਾ ਸੰਸਥਾ ਦੀ ਮਾਨਾਂਵਾਲਾ ਬ੍ਰਾਂਚ ਵਿੱਚ ਪੜ੍ਹਨ ਵਾਲੇ ਲਗਪਗ 198 ਲੜਕੇ-ਲੜਕੀਆਂ ਵਾਸਤੇ ਅਲੱਗ-ਅਲੱਗ ਹੋਸਟਲ ਦਾ ਪ੍ਰਬੰਧ ਕੀਤਾ ਗਿਆ ਹੈ । ਪਿੰਗਲਵਾੜਾ ਦੀ ਸੰਗਰੂਰ ਬ੍ਰਾਂਚ ਦੇ ਹੋਸਟਲ ਵਿੱਚ ਰਹਿ ਰਹੀਆਂ 13 ਲੜਕੀਆਂ ਵੀ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿੱਚ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ ।

**ਵਿਆਹ**: ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਪਿੰਗਲਵਾੜਾ ਵਿੱਚ ਪਲੀਆਂ ਨੌਜਵਾਨ ਲੜਕੀਆਂ ਲਈ ਢੁੱਕਵੇਂ ਯੋਗ ਵਰ ਲੱਭ ਕੇ ਉਹਨਾਂ ਨੂੰ ਗ੍ਰਿਸਥੀ ਜੀਵਨ ਵਿੱਚ ਪਾ ਦਿੱਤਾ ਜਾਂਦਾ ਹੈ । ਹੁਣ ਤਕ 41 ਲੜਕੀਆਂ ਤੇ 4 ਲੜਕਿਆਂ ਦੇ ਵਿਆਹ ਸੰਸਥਾ ਵੱਲੋਂ ਕੀਤੇ ਜਾ ਚੁੱਕੇ ਹਨ।

**ਸਮਾਜ-ਕਲਿਆਣ ਸੰਬੰਧੀ ਕੰਮ** : ਪਿੰਗਲਵਾੜੇ ਵੱਲੋਂ ਸਮਾਜ ਭਲਾਈ ਅਤੇ ਸੁਧਾਰ ਦੇ ਕੰਮਾਂ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ ।

**(ੳ) ਜਾਗ੍ਰਿਤੀ**: ਸਮਾਜਿਕ ਬੁਰਾਈਆਂ ਪ੍ਰਤੀ ਲੋਕਾਂ ਦੇ ਮਨਾਂ ਵਿੱਚ ਜਾਗ੍ਰਿਤੀ ਪੈਦਾ ਕਰਨ ਲਈ ਪਿੰਗਲਵਾੜੇ ਦਾ ਖ਼ਾਸ ਯੋਗਦਾਨ ਰਿਹਾ ਹੈ । ਅਜਿਹਾ ਯੋਗਦਾਨ ਪਿੰਗਲਵਾੜਾ ਵਿੱਚ ਸਥਾਪਿਤ '**ਪੂਰਨ ਪ੍ਰਿੰਟਿੰਗ ਪ੍ਰੈਸ**' ਵੱਖ-ਵੱਖ ਧਾਰਮਿਕ, ਸਮਾਜਿਕ, ਸਦਾਚਾਰਿਕ ਤੇ ਸਿਹਤ ਸੰਬੰਧੀ ਮੁੱਦਿਆਂ 'ਤੇ ਸਾਹਿਤ ਛਾਪ ਕੇ ਉਸ ਦੀ ਮੁਫ਼ਤ ਵੰਡਾਈ ਰਾਹੀਂ ਕਰ ਰਹੀ ਹੈ । ਪਿੰਗਲਵਾੜਾ ਪ੍ਰੈਸ ਅਤੇ ਪਬਲੀਸਿਟੀ ਦਾ ਕੁੱਲ ਸਾਲਾਨਾ ਖ਼ਰਚ ਇੱਕ ਕਰੋੜ ਪੰਜਾਹ ਲੱਖ ਰੁਪਏ ਹੈ ।

**(ਅ) ਪੀੜਿਤ ਲੋਕਾਂ ਦੀ ਮਦਦ**:- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੁਚਾਲ ਆਦਿ ਤੋਂ ਪ੍ਰਭਾਵਿਤ ਪੀੜਿਤਾਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ ਹਰ ਪ੍ਰਕਾਰ ਦੀ ਮਦਦ ਦੇਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾਂਦੀ ਹੈ । ਸੰਨ 2008 ਵਿੱਚ ਜੁਲਾਈ ਤੋਂ ਅਗਸਤ ਮਹੀਨੇ ਦੌਰਾਨ ਪੰਜਾਬ ਦੇ ਜਲੰਧਰ ਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਆਏ ਹੜ੍ਹਾਂ ਨਾਲ ਪੀੜਿਤ 800 ਪਰਿਵਾਰਾਂ ਲਈ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਮੁਫ਼ਤ ਵੰਡੇ ਗਏ। ਸੰਨ 2010 ਵਿੱਚ, ਲਦਾਖ ਵਿੱਚ ਹੜ੍ਹ ਨਾਲ ਪੀੜਿਤ ਲੋਕਾਂ ਦੀ ਮਦਦ ਲਈ ਸੰਸਥਾ ਵੱਲੋਂ ਡਾ: ਇੰਦਰਜੀਤ ਕੌਰ ਦੀ ਅਗਵਾਈ ਵਿੱਚ 2 ਟਰੱਕ ਰਸਦ, ਕੱਪੜੇ, ਰਜਾਈਆਂ ਅਤੇ ਕੰਬਲ, ਗਰਮ ਕੱਪੜੇ ਆਦਿ ਸਮਾਨ ਭੇਜੇ ਗਏ ਜਿਨ੍ਹਾਂ ਨੂੰ ਘਰ-ਘਰ ਜਾ ਕੇ ਵੰਡਿਆ ਗਿਆ ।

**(ੲ) ਲਾਵਾਰਸ ਲਾਸ਼ਾਂ ਦਾ ਸਸਕਾਰ**: ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾਂਦਾ ਹੈ ।

**(ਸ) ਬਿਰਧਾਂ ਦੀ ਦੇਖਭਾਲ:** ਸੰਗਰੂਰ ਬ੍ਰਾਂਚ ਵਿੱਚ ਇਕ ਬਿਰਧ-ਘਰ ਮਾਰਚ 2002 ਤੋਂ ਚੱਲ ਰਿਹਾ ਹੈ ਅਤੇ ਇਕ ਬਿਰਧ ਘਰ ਮਾਨਾਂਵਾਲਾ ਕੰਪਲੈਕਸ ਵਿਖੇ ਚਲ ਰਿਹਾ ਹੈ, ਜਿਸ ਵਿੱਚ 92 ਬਿਰਧਾਂ ਦੇ ਰੱਖਣ ਦਾ ਯੋਗ ਪ੍ਰਬੰਧ ਕੀਤਾ ਗਿਆ ਹੈ ।

**(ਹ) ਅਜਾਇਬ-ਘਰ ਤੇ ਦਸਤਾਵੇਜ਼ੀ ਫ਼ਿਲਮਾਂ:** ਬਿਖ਼ਮ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀਆਂ ਜੀਵਨ ਘਾਲਣਾਵਾਂ ਸੰਬੰਧੀ ਤਸਵੀਰਾਂ ਦਾ ਸੰਗ੍ਰਹਿ ਅਜਾਇਬ-ਘਰ ਦੇ ਰੂਪ ਵਿੱਚ ਮੁੱਖ ਦਫ਼ਤਰ ਪਿੰਗਲਵਾੜਾ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਹਨਾਂ ਦੇ ਜੀਵਨ ਨੂੰ ਦਰਸਾਉਂਦੀਆਂ ਹੋਈਆਂ ਕੁਝ ਦਸਤਾਵੇਜ਼ੀ ਫ਼ਿਲਮਾਂ ਵੀ ਵੱਖ-ਵੱਖ ਬੁੱਧੀਜੀਵੀਆਂ ਵੱਲੋਂ ਤਿਆਰ ਕਰਵਾਈਆਂ ਗਈਆਂ ਹਨ ਜਿਵੇਂ ਕਿ

(ੳ) 'ਇਕ ਮਿਸਾਲ', 'Pingalwara Presentation'

(ਅ) 'ਇਹ ਜਨਮ ਤੁਮ੍ਹਾਰੇ ਲੇਖੇ' ।

(ੲ) Pingalwara Home for Homeless

(ਸ) ਮਸ਼ਹੂਰ ਅਮਰੀਕੀ ਮੀਡੀਆ ਸ਼ਖ਼ਸੀਅਤ ਗੁਰਮੀਤ ਸੋਢੀ ਦੀ ਫ਼ਿਲਮ— 'Pingalwara — A selfless Home'

(ਹ) ਸ੍ਰ: ਜੋਗਿੰਦਰ ਸਿੰਘ 'ਕਲਸੀ' ਤੇ ਸ੍ਰ.ਜਸਬੀਰ ਸਿੰਘ 'ਹੰਸਪਾਲ' ਵੱਲੋਂ ਨਿਰਮਤ ਫ਼ਿਲਮ — 'A Selfless Life'

(ਕ) Pingalwara — Educational Endeavours

(ਖ) Natural Farming

(ਗ) ਪਾਣੀ ਦੀ ਸਮੱਸਿਆ

(ਘ) ਰੁੱਖ

(ਙ) ਭਗਤ ਪੂਰਨ ਸਿੰਘ ਜੀ ਦੇ ਜੀਵਨ 'ਤੇ ਅਧਾਰਤ ਫੀਚਰ ਫ਼ਿਲਮ **'ਇਹ ਜਨਮ ਤੁਮ੍ਹਾਰੇ ਲੇਖੇ'** 30 ਜਨਵਰੀ, 2015 ਨੂੰ ਦੇਸ਼ ਭਰ ਅਤੇ ਵਿਦੇਸ਼ਾਂ ਵਿੱਚ ਰਿਲੀਜ਼ ਹੋ ਚੁੱਕੀ ਹੈ । ਇਸ ਫ਼ਿਲਮ ਰਾਹੀਂ ਨਵੀਂ ਪੀੜ੍ਹੀ ਲਈ ਭਗਤ ਜੀ ਦੀ ਸਮਾਜ ਪ੍ਰਤੀ ਕੀਤੀ ਨਿਸ਼ਕਾਮ ਸੇਵਾ ਅਤੇ ਕੁਰਬਾਨੀ ਬਾਰੇ ਚਾਨਣਾ ਪਾਇਆ ਗਿਆ ਹੈ। ਇਸ ਫ਼ਿਲਮ ਨੂੰ ਦੇਸ਼ ਅਤੇ ਵਿਦੇਸ਼ਾਂ ਵਿੱਚ ਭਰਪੂਰ ਹੁੰਗਾਰਾ ਮਿਲਿਆ ਹੈ ।

ਪਿੰਗਲਵਾੜਾ ਪਰਿਵਾਰ ਦੇ ਬੱਚਿਆਂ ਵੱਲੋਂ ਗਾਇਨ ਕੀਤੀ 'ਗੁਰਬਾਣੀ ਕੀਰਤਨ' ਦੀ ਵੀਡੀਓ ਦੀ ਡੀ.ਵੀ.ਡੀ. ਡਾ.ਓਮ ਗੌਰੀ ਦੱਤ ਸ਼ਰਮਾ ਡਿਪਟੀ ਡਾਇਰੈਕਟਰ ਜਲੰਧਰ ਦੂਰ-ਦਰਸ਼ਨ ਦਵਾਰਾ ਮਿਤੀ 9-7-2016 ਨੂੰ ਰਿਲੀਜ ਕੀਤੀ ਗਈ।



**ਭਗਤ ਪੂਰਨ ਸਿੰਘ ਸਮਾਰਕ :-** ਪੂਜਨੀਕ ਭਗਤ ਪੂਰਨ ਸਿੰਘ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿਖੇ '*ਭਗਤ ਪੂਰਨ ਸਿੰਘ ਸਮਾਰਕ*' ਦਾ ਨਿਰਮਾਣ ਹੋ ਚੁੱਕਾ ਹੈ । ਇਹ ਸਮਾਰਕ ਉਨ੍ਹਾਂ ਦੀ ਪਹਿਲੀ ਜਨਮ ਸ਼ਤਾਬਦੀ ਜੋ ਕਿ **4 ਜੂਨ, 2004** ਨੂੰ ਮਨਾਈ ਗਈ ਸੀ, ਨੂੰ ਸਮਰਪਿਤ ਹੈ ।

**ਗਊਸ਼ਾਲਾ :** ਮਾਨਾਂਵਾਲਾ ਕੰਪਲੈਕਸ ਵਿੱਚ ਇਕ ਗਊਸ਼ਾਲਾ ਭੀ ਹੈ । ਇਸ ਵਿੱਚ 120 ਦੁਧਾਰੂ ਪਸ਼ੂ ਹਨ ਜਿਨ੍ਹਾਂ ਦੀ ਸੰਸਥਾ ਵੱਲੋਂ ਸੇਵਾ-ਸੰਭਾਲ ਹੋ ਰਹੀ ਹੈ । ਗਊਆਂ ਦਾ ਦੁੱਧ ਮਰੀਜ਼ਾਂ ਲਈ ਵਰਤਿਆ ਜਾਂਦਾ ਹੈ ।

ਪਿੰਗਲਵਾੜੇ ਦਾ ਰੋਜ਼ਾਨਾ ਖ਼ਰਚ **ਸਾਢੇ ਛੇ ਲੱਖ** ਰੁਪਏ ਤੋਂ ਵੱਧ ਹੈ ਜੋ ਕਿ ਸੰਗਤਾਂ ਦੇ ਸਹਿਯੋਗ ਅਤੇ ਭਗਤ ਪੂਰਨ ਸਿੰਘ ਜੀ ਦੀ ਦਿੱਤੀ ਸੇਧ ਮੁਤਾਬਕ ਹੁੰਦਾ ਹੈ।

(I) ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਰਜਿਸਟਰਾਰ ਆਫ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰਬਰ 130 ਆਫ 1956-57 ਅਤੇ ਸੋਧ ਨੰਬਰ A-28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ ।

(II) ਪਿੰਗਲਵਾੜਾ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਨੂੰ ਇਨਕਮ ਟੈਕਸ ਦੇ ਸੈਕਸ਼ਨ 80-G ਅਨੁਸਾਰ ਇਨਕਮ ਟੈਕਸ-II ਅੰਮ੍ਰਿਤਸਰ ਪੱਤਰ ਸੰਖਿਆ ਨੰਬਰ CIT-II/ASR/ITO(Tech.) 2011-12/4730 ਮਿਤੀ 11/12 January, 2012. ਅਧੀਨ ਟੈਕਸ ਦੀ ਛੋਟ ਪ੍ਰਾਪਤ ਹੈ ।

ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA2237R ਹੈ।

ਪਿੰਗਲਵਾੜਾ ਦੇ FCRA (Foreign Contribution Regulation Act.) ਨੰਬਰ 115210002 ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

**ਡਾ: ਇੰਦਰਜੀਤ ਕੌਰ, ਮੁੱਖ ਸੇਵਕਾ,**

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।

**ਪੁੱਛ-ਗਿੱਛ ਲਈ ਕਰਨਲ ਸ. ਦਰਸ਼ਨ ਸਿੰਘ ਬਾਵਾ, (ਰਿਟਾ.)**

**ਮੁੱਖ-ਪ੍ਰਸ਼ਾਸਕ 98145-35937**

**Details of Banks for sending Donation through Online/ Cheque/Draft may be sent in favour of: All India Pingalwara Charitable Society (Regd.), Amritsar' (PAN No.: AAATA 2237R)**

(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| | | **(FOR FOREIGN CONTRIBUTORS)** | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| | | **(FOR INLAND CONTRIBUTORS)** | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India,Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |



| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 00011000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | State Bank of India, Patiala Gate, Sangrur. | 33530846863 | SBIN0001759 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |

| (IN UK) | (IN CANADA) | (IN USA) |
|---|---|---|
| **S. GURBAKHSH SINGH**<br>**63 Peacock street, Gravesend, Kent, (U.K.)**<br>**DA12 IEG, Ph. 1474568574** | **BIBI ABNASH KAUR KANG**<br>**(Pingalwara Soceity of Ontario (Regd.)**<br>**124 Blackmere Cir,**<br>**Brampton, ONT., L6W 4CI, Canada**<br>**Ph: 905-450-9664, 416-674-3341**<br>**Email-abnash6@yahoo.com** | **JASWANT SAWHNEY CHARITABLE TRUST**<br>**In Association with**<br>**All India Pingawara Charitable Society (Regd.)**<br>**7713 Toburk CT,**<br>**HANOVER, MD 21076-1643 U.S.A.**<br>**BIBI JATINDER KAUR DUSAJ**<br>**Ph. 410-551-8010**<br>**E-mail-kaurg 2004@yahoo.com** |

# ਜੀਵਨ ਜਾਂ ਪਰਲੋ...

ਦੁਨੀਆਂ ਦੇ ਲੋਕੋ, ਮੇਰੀ ਦੁਹਾਈ ਸੁਣੋ !

ਹੁਣ ਵਕਤ ਆ ਗਿਆ ਹੈ ਕਿ ਅਸੀਂ ਪੂਰੀ ਗੰਭੀਰਤਾ ਨਾਲ ਸੋਚੀਏ ਕਿ ਅਸੀਂ ਦਿਨ-ਬ-ਦਿਨ ਕੁਦਰਤ ਨਾਲ ਖਿਲਵਾੜ ਕਰ ਰਹੇ ਹਾਂ । ਜੇ ਅਸੀਂ ਸ਼ਾਂਤੀ ਤੇ ਪਿਆਰ ਨਾਲ ਰਹਿਣਾ ਚਾਹੁੰਦੇ ਹਾਂ ਤਾਂ ਸਾਨੂੰ ਆ ਰਹੀਆਂ ਤੇ ਆ ਚੁੱਕੀਆਂ ਔਕੜਾਂ ਨਾਲ ਜੂਝਣਾ ਪਵੇਗਾ । ਜੋ ਲੋਕ ਇਸ ਵੱਲ ਧਿਆਨ ਨਹੀਂ ਦੇ ਰਹੇ ਉਨ੍ਹਾਂ ਨੂੰ ਇਸ ਅਣਗਹਿਲੀ ਦੀ ਸਜ਼ਾ ਭੁਗਤਣੀ ਪਵੇਗੀ । ਇਸ ਚਿੰਤਾਜਨਕ ਤੇ ਵਿਗੜਦੇ ਵਾਤਾਵਰਣ ਦਾ ਨਤੀਜਾ ਇਹ ਹੋਵੇਗਾ ਕਿ ਲੋਕ ਭੁੱਖੇ ਮਰਨਗੇ । ਡੇਢ ਕਰੋੜ ਲੋਕੀਂ ਹਰ ਸਾਲ ਭੁੱਖ ਨਾਲ ਮਰਨਗੇ । ਅਗਲੇ 100 ਸਾਲਾਂ ਵਿੱਚ ਦੁਨੀਆਂ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਸੋਕਾ ਪਵੇਗਾ । ਮੌਸਮ ਵਿੱਚ ਭਾਰੀ ਬਦਲਾਓ ਆਉਣਗੇ। ਸਾਡੀ ਧਰਤੀ ਇਕ ਵਾਰ ਫਿਰ ਬਰਫ਼ਾਨੀ ਯੁੱਗ ਵਿੱਚ ਪਹੁੰਚ ਜਾਵੇਗੀ । ਉਪਜਾਊ-ਧਰਤੀ ਬੰਜਰ ਹੋ ਜਾਵੇਗੀ । ਇਨ੍ਹਾਂ ਸਾਰੀਆਂ ਔਕੜਾਂ ਬਾਰੇ ਜਾਣਕਾਰੀ ਲਈ ਪਿੰਗਲਵਾੜੇ ਦਾ ਸਾਹਿਤ ਪੜ੍ਹੋ। ਜੀਵਨ ਸੁਰੱਖਿਅਤ ਰੱਖਣ ਦਾ ਇਹੋ ਹੀ ਇਕੋ ਇਕ ਤਰੀਕਾ ਹੈ ।

-ਭਗਤ ਪੂਰਨ ਸਿੰਘ

-o-



## ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ